ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

# ਮਹਿਮਾ ਅਪਾਰ

## ਲੇਖਕਾ ਦੀਆਂ ਹੋਰ ਪੁਸਤਕਾਂ

- ਬਾਬਾ ਸੰਗ ਢੇਸੀਆ
- ਅਨੋਖੇ ਬਾਗ ਦੀ ਸੈਰ
- ਅਨੋਖੀ ਖੁਸ਼ਬੂ – ਪੰਡਤ ਗੋਪਾਲ ਸਿੰਘ ਜੀ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

# ਮਹਿਮਾ ਅਪਾਰ

ਨਰਿੰਦਰ ਕੌਰ ਚਾਨਾ

ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ (ਪੰਜਾਬ)

**Satguru Lila :**
**Narinder Kaur Chana**
**Ph : 9891166224**

ਨਾਮਧਾਰੀ ਦਰਬਾਰ

ਪਹਿਲੀ ਵਾਰ 2012

*ਪ੍ਰਕਾਸ਼ਕ :* ਨਾਮਧਾਰੀ ਦਰਬਾਰ

ਟਾਈਸੈਟਿੰਗ :
ਕੈਡਕੌਨ
ਨਵੀਂ ਦਿੱਲੀ

ਛਾਪਕ :
ਮੌਂਟੂ ਆਫਸੈਟ
ਪਟੇਲ ਨਗਰ (ਦਿੱਲੀ)

ਮੁੱਲ : 150 ਰੁਪਏ

## ਤਤਕਰਾ


| | | |
|---|---|---|
| 1. | ਸ੍ਰੀ ਗੁਰੂ ਨਾਨਕ ਦੇਵ ਜੀ | 7 |
| 2. | ਸ੍ਰੀ ਗੁਰੂ ਅੰਗਦ ਦੇਵ ਜੀ | 27 |
| 3. | ਸ੍ਰੀ ਗੁਰੂ ਅਮਰਦਾਸ ਜੀ | 33 |
| 4. | ਸ੍ਰੀ ਗੁਰੂ ਰਾਮਦਾਸ ਜੀ | 40 |
| 5. | ਸ੍ਰੀ ਗੁਰੂ ਅਰਜਨ ਦੇਵ ਜੀ | 43 |
| 6. | ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ | 51 |
| 7. | ਸ੍ਰੀ ਗੁਰੂ ਹਰਿਰਾਏ ਜੀ | 56 |
| 8. | ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ | 59 |
| 9. | ਸ੍ਰੀ ਗੁਰੂ ਤੇਗ ਬਹਾਦਰ ਜੀ | 64 |
| 10. | ਸ੍ਰੀ ਗੁਰੂ ਗੋਬਿੰਦ ਸਿੰਘ ਜੀ | 70 |
| 11. | ਸ੍ਰੀ ਸਤਿਗੁਰੂ ਬਾਲਕ ਸਿੰਘ ਜੀ | 82 |
| 12. | ਸ੍ਰੀ ਸਤਿਗੁਰੂ ਰਾਮ ਸਿੰਘ ਜੀ | 88 |
| 13. | ਸ੍ਰੀ ਸਤਿਗੁਰੂ ਹਰੀ ਸਿੰਘ ਜੀ | 98 |
| 14. | ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ | 105 |
| 15. | ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ | 116 |

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

ਕਬੀਰ ਸਾਤ ਸਮੁੰਦਹਿ ਮਸੁ ਕਰਉ, ਕਲਮ ਕਰਉ ਬਨਰਾਇ ॥
ਬਸੁਧਾ ਕਾਗਦੁ ਜਉ ਕਰਉ, ਹਰਿ ਜਸੁ ਲਿਖਨੁ ਨ ਜਾਇ ॥

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਮੈਂ ਇਹ ਸਾਖੀਆਂ ਲਿਖ ਸਕੀ ਹਾਂ ਅਤੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਮੈਂ ਸਾਦਰ ਭੇਟ ਕਰਦੀ ਹਾਂ ।

ਨਰਿੰਦਰ ਕੌਰ ਵਿਰਕ
ਬੀ- ੨੯ ਸ਼ਾਮ ਨਗਰ
ਨਵੀਂ ਦਿੱਲੀ- ੧੧00੧੮
ਫੋਨ- ੯੮੯੧੧੬੬੨੨੪

## ਪਹਿਲੀ ਪਾਤਸ਼ਾਹੀ
## (ਸ੍ਰੀ ਗੁਰੂ ਨਾਨਕ ਦੇਵ ਜੀ)



| | | |
|---|---|---|
| **ਅਵਤਾਰ** | : | ਕੱਤਕ ਸੁਦੀ ਪੂਰਨਮਾਸੀ ਸੰਮਤ ੧੫੨੬ ਬਿਕਰਮੀ (੨੦ ਅਕਤੂਬਰ ੧੪੬੯ ਈ.) |
| **ਅਸਥਾਨ** | : | ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) |
| **ਪਿਤਾ ਦਾ ਨਾਮ** | : | ਸ੍ਰੀ ਕਲਿਆਣ ਦਾਸ ਜੀ (ਮਹਿਤਾ ਕਾਲੂ ਜੀ) |
| **ਮਾਤਾ ਦਾ ਨਾਮ** | : | ਮਾਤਾ ਤ੍ਰਿਪਤਾ ਜੀ |
| **ਭੈਣ** | : | ਬੇਬੇ ਨਾਨਕੀ ਜੀ |
| **ਮਹਿਲ** | : | ਮਾਤਾ ਸੁਲੱਖਣੀ ਜੀ |
| **ਸੰਤਾਨ** | : | ਸ੍ਰੀ ਚੰਦ ਜੀ, ਲਖਮੀਦਾਸ ਜੀ |
| **ਜੋਤੀ ਜੋਤ** | : | ਅੱਸੂ ਵਦੀ ੧੦, ਸੰਮਤ ੧੫੯੬ ਬਿ. ਕਰਤਾਰਪੁਰ, (੧੫੩੯ ਈ.) |

## ‘ਪਹਿਲੀ ਪਾਤਸ਼ਾਹੀ’
## ਸਾਖੀ-੧
## ‘ਗੁਰੂ ਨਾਨਕ ਜੀ ਦਾ ਪੜ੍ਹਣਾ’

ਗੁਰੂ ਨਾਨਕ ਦੇਵ ਜੀ ਨੂੰ ਪਾਂਧੇ ਕੋਲ ਪੜ੍ਹਨ ਪਾਇਆ ਗਿਆ । ਪਹਿਲੇ ਦਿਨ ਜਦੋਂ ਬਾਕੀ ਬੱਚਿਆਂ ਨਾਲ ਪਾਂਧੇ ਨੇ ਪੜ੍ਹਾਉਣਾ ਸ਼ੁਰੂ ਕੀਤਾ ਤਾਂ ਗੁਰੂ ਨਾਨਕ ਪੜ੍ਹਨ ਨਾ । ਪਾਂਧੇ ਨੇ ਕਿਹਾ, “ਨਾਨਕ ਮੇਰੇ ਨਾਲ ਪੜ੍ਹਦਾ ਨਹੀਂ । ਬਾਕੀ ਬੱਚੇ ਵੀ ਪੜ੍ਹ ਰਹੇ ਹਨ, ਤੂੰ ਵੀ ਪੜ੍ਹ, ਪੜ੍ਹਨ ਆਇਆ ਏ” ।

ਨਾਨਕ ਜੀ ਕਿਹਾ, “ਪਾਂਧੇ ਜੀ, ਇਹ ਦੁਨਿਆਵੀ ਵਿਦਿਆ ਹੈ । ਜਿਸ ਵਿਦਿਆ ਵਿਚ ਪਰਮਾਤਮਾ ਯਾਦ ਆਵੇ, ਉਹਦੇ ਬਚਨ ਆਉਣ, ਉਹ ਵਿਦਿਆ ਪੜ੍ਹਾ” । ਪਾਂਧੇ ਨੇ ਕਿਹਾ, “ ਨਾਨਕ, ਪਹਿਲਾਂ ਇਹ ਅੱਖਰ ਤਾਂ ਪੜ੍ਹਨਾ ਹੀ ਪੈਂਦਾ ਹੈ। ਨਾਨਕ ਕਹਿਣ ਲੱਗੇ, “ਪਾਂਧਾ ਜੀ ! ਮੈਨੂੰ ਤੁਸੀ ਜੋ ਅੱਖਰ ਪੜ੍ਹਾ ਰਹੇ ਹੋ, ਉਹਨਾਂ ਦੇ ਅਰਥ ਵੀ ਦੱਸੋ ਤਾਂ ਪਾਂਧਾ ਕਹਿਣ ਲੱਗਾ- ਨਾਨਕ, ਤੂੰ ਅਰਥਾਂ ਤੋਂ ਕੀ ਲੈਣਾ ਹੈ, ਤੂੰ ਹਿਸਾਬ ਕਿਤਾਬ ਦੀ ਪੜ੍ਹਾਈ ਸਿੱਖ”। ਗੁਰੂ ਜੀ ਕਹਿਣ ਲਗੇ, “ਮੈਂ ਕੱਚੀ ਪੜ੍ਹਾਈ ਨਹੀਂ ਕਰਨੀ । ਜੇ ਅਰਥਾਂ ਸਹਿਤ ਪੜ੍ਹਾਉਂਦੇ ਹੋ ਤਾਂ ਪੜ੍ਹਾਓ” ।

ਇਹ ਸੁਣ ਕੇ ਪਾਂਧਾ ਸੋਚੀਂ ਪੈ ਗਿਆ ਅਤੇ ਕਹਿਣ ਲੱਗਾ, “ਨਾਨਕ, ਮੈਂ ਇਹਨਾਂ ਗਹਿਰਾਈਆਂ ਨੂੰ ਨਹੀਂ ਜਾਣਦਾ । ਜੇ ਤੈਨੂੰ ਅਰਥ ਆਉਂਦੇ ਹਨ ਤਾਂ ਤੂੰ ਹੀ ਕਰਕੇ ਦੱਸ । ਤਾਂ ਫਿਰ ਬਾਲਕ ਗੁਰੂ ਨਾਨਕ ਜੀ ਨੇ ਸਾਰੇ ਅੱਖਰਾਂ ਦੇ ਅਰਥ ਕਰਕੇ ਦੱਸੇ ਜੋ ਸ੍ਰੀ ਆਦਿ ਗ੍ਰੰਥ ਵਿਚ ਪੱਟੀ ਲਿਖੀ ਕਰਕੇ ਗੁਰਬਾਣੀ ਦਰਜ ਹੈ ।

“ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥

ਸੇਵਤ ਰਹੇ ਚਿਤੁ ਜਿਨ ਕਾ ਲਾਗਾ ਆਇਆ ਤਿਨ ਕਾ ਸਫਲੁ ਭਇਆ ॥

ਇਹ ਸੁਣ ਕੇ ਪਾਂਧੇ ਨੇ ਗੁਰੂ ਨਾਨਕ ਜੀ ਦੇ ਚਰਨ ਫੜ੍ਹ ਲਏ ਤੇ ਕਿਹਾ,

"ਨਾਨਕ ਇਹ ਪੜ੍ਹਾਈ ਤੂੰ ਹੀ ਜਾਣਦਾ ਹੈਂ, ਅਸੀਂ ਸੰਸਾਰੀ ਲੋਕ ਨਹੀਂ । ਇਸ ਵਾਸਤੇ ਮੈਂ ਤੈਨੂੰ ਨਹੀਂ ਪੜ੍ਹਾ ਸਕਦਾ, ਤੂੰ ਸਭ ਪੜ੍ਹਿਆ ਹੋਇਆ ਹੈਂ", ਅਤੇ ਨਾਨਕ ਨੂੰ ਘਰ ਭੇਜ ਦਿਤਾ ।

ਇਕ ਦਿਨ ਫੇਰ ਮਾਤਾ ਤ੍ਰਿਪਤਾ ਦੇ ਬਹੁਤ ਜ਼ੋਰ ਦੇਣ ਤੇ ਮਹਿਤਾ ਕਾਲੂ ਨਾਨਕ ਜੀ ਨੂੰ ਮੌਲਵੀ ਪਾਸ ਮਸੀਤੇ ਅਰਬੀ ਫਾਰਸੀ ਸਿੱਖਣ ਲਈ ਘੱਲਿਆ । ਮੌਲਵੀ ਨੇ ਅਲਫ, ਬੇ ਪੜ੍ਹਾਉਣਾ ਸ਼ੁਰੂ ਕੀਤਾ । ਗੁਰੂ ਨਾਨਕ ਜੀ ਨੇ 'ਅਲਫ ਤਾਂ ਕਹਿ ਦਿਤਾ ਪਰ 'ਬੇ' ਕਹਿਣ ਤੋਂ ਇਨਕਾਰ ਕਰ ਦਿਤਾ । ਮੌਲਵੀ ਨੇ ਪੁੱਛਿਆ ਕਿ ਨਾਨਕ 'ਬੇ' ਕਿਉਂ ਨਹੀਂ ਕਹਿੰਦਾ ਤਾਂ ਨਾਨਕ ਜੀ ਕਿਹਾ ਕਿ ਮੈਂ ਕੇਵਲ ਅਲਫ ਹੀ ਪੜ੍ਹਨਾ ਹੈ । ਮੌਲਵੀ ਫੇਰ ਪੁੱਛਿਆ ਕਿ ਨਾਨਕ ਤੈਨੂੰ ਅਲਫ ਨਾਲ ਇੰਨਾਂ ਲਗਾਓ ਕਿਉਂ ਹੈ ? ਤਾਂ ਅੱਗੋਂ ਨਾਨਕ ਜੀ ਉੱਤਰ ਦਿਤਾ, "ਅਲਫ ਨਾਲ ਅੱਲਾ ਦਾ ਨਾਮ ਬਣਦਾ ਹੈ ਤੇ ਅੱਲਾ ਦਾ ਹੀ ਸਾਰਾ ਪਸਾਰਾ ਹੈ"।

ਤੇ ਕਿਹਾ, "ਅਲਫ ਅੱਲਾ ਨੂੰ ਯਾਦ ਕਰ ਗਫਲਤ ਮਨੋ ਵਿਸਾਰ ॥
ਸ੍ਵਾਸ ਪਲੇਟੇ ਨਾਮ ਬਿਨ ਧ੍ਰਿਗ ਜੀਵਨ ਸੰਸਾਰ" ॥

ਬਾਲਕ ਨਾਨਕ ਦੇ ਮੂੰਹੋਂ ਐਸੀ ਉੱਚੀ ਅਵਸਥਾ ਦੀ ਗੱਲ ਸੁਣ ਕੇ ਮੌਲਵੀ ਨੇ ਨਾਨਕ ਨੂੰ ਘਰ ਜਾਣ ਵਾਸਤੇ ਕਿਹਾ ਅਤੇ ਆਪ ਵੀ ਗੁਰੂ ਨਾਨਕ ਜੀ ਦੇ ਪਿੱਛੇ ਹੀ ਆ ਕੇ ਮਹਿਤਾ ਕਾਲੂ ਨੂੰ ਕਹਿਣ ਲੱਗਾ, " ਮਹਿਤਾ ਜੀ ਤੁਹਾਡੇ ਘਰ ਇਹ ਬੱਚਾ ਖਾਕੀ ਨਹੀਂ, ਨੂਰੀ ਆਇਆ ਹੈ । ਇਹ ਪਹਿਲਾਂ ਹੀ ਆਲਿਮ ਫਾਜ਼ਿਲ ਹੈ । ਜੋ ਦੁਨੀਆਂ ਪੜ੍ਹਾਈ ਪੜ੍ਹ ਰਹੀ ਹੈ, ਸਭ ਇਸੇ ਦੀ ਬਣਾਈ ਹੋਈ ਹੈ । ਇਹ ਪੜ੍ਹਣ ਲਈ ਨਹੀਂ ਆਇਆ, ਜਗਤ ਨੂੰ ਸੱਚੀ ਪੜ੍ਹਾਈ ਪੜ੍ਹਾਉਣ ਵਾਸਤੇ ਆਇਆ ਹੈ । ਇਹ ਤਾਂ ਆਪ ਅਗਿਆਨਤਾ ਦਾ ਅੰਧੇਰਾ ਦੂਰ ਕਰਨ ਆਇਆ ਹੈ, ਅੱਲਾ ਨਾਲ ਜੋੜਨ ਵਾਸਤੇ ਆਇਆ ਹੈ"।

## ‘ਪਹਿਲੀ ਪਾਤਸ਼ਾਹੀ’
## ਸਾਖੀ- ੨
## (ਸਰਪ-ਛਾਇਆ)

ਮਹਿਤਾ ਕਾਲੂ ਨੇ ਗੁਰੂ ਨਾਨਕ ਦੇਵ ਜੀ ਨੂੰ ਮੱਝਾਂ ਚਾਰਨ ਦਾ ਕੰਮ ਸੌਂਪਿਆ । ਨਾਨਕ ਸਵੇਰੇ ਹੀ ਮੱਝਾਂ ਨੂੰ ਲੈ ਕੇ ਜੰਗਲ ਵਿਚ ਚਲੇ ਜਾਂਦੇ । ਮੱਝਾਂ ਹਰਾ-ਹਰਾ ਘਾਹ ਚਰਦੀਆਂ ਅਤੇ ਗੁਰੂ ਨਾਨਕ ਦੇਵ ਜੀ ਕਿਸੇ ਦਰਖਤ ਦੀ ਠੰਢੀ ਛਾਂ ਹੇਠਾਂ ਭਗਤੀ ‘ਚ ਲੀਨ ਹੋ ਜਾਂਦੇ।

ਗਰਮੀਆਂ ਦੇ ਦਿਨ ਸਨ । ਬੜੀ ਕੜਾਕੇ ਦੀ ਧੁੱਪ ਅਤੇ ਤੇਜ ਗਰਮੀ ਪੈ ਰਹੀ ਸੀ । ਗੁਰੂ ਨਾਨਕ ਜੀ ਇਕ ਦਰਖਤ ਹੇਠਾਂ ਲੇਟੇ ਸਨ ਤਾਂ ਨੀਂਦ ਆ ਗਈ । ਪਸ਼ੂ ਵੀ ਨੇੜੇ ਹੀ ਛਾਂ ਵਿੱਚ ਆਰਾਮ ਕਰ ਰਹੇ ਸਨ । ਹੌਲੀ-ਹੌਲੀ ਸੂਰਜ ਸਿੱਧਾ ਨਾਨਕ ਜੀ ਦੇ ਮੁੱਖ ਤੇ ਆ ਗਿਆ । ਧੁੱਪ ਸਿੱਧੀ ਚਿਹਰੇ ਤੇ ਪੈ ਰਹੀ ਸੀ ।

ਅਚਾਨਕ ਇਕ ਕੋਬਰਾ ਸੱਪ ਆਪਣੀ ਖੁੱਡ ਵਿਚੋਂ ਬਾਹਰ ਨਿਕਲਿਆ । ਉਹ ਬੜਾ ਵੱਡਾ, ਕਾਲਾ ਅਤੇ ਜਹਿਰੀਲਾ ਸੱਪ ਸੀ । ਆਪਣੇ ਇਕੋ ਹੀ ਡੰਗ ਨਾਲ ਉਹ ਬੰਦੇ ਨੂੰ ਮਾਰ ਸਕਦਾ ਸੀ । ਉਸਦਾ ਫਨ ਬਹੁਤ ਵੱਡਾ ਸੀ । ਇੰਜ ਜਾਪਦਾ ਸੀ ਕਿ ਕੋਈ ਛਤਰੀ ਹੋਵੇ । ਉਸ ਆਪਣਾ ਫਨ ਗੁਰੂ ਨਾਨਕ ਜੀ ਅਤੇ ਸੂਰਜ ਦੇ ਵਿਚਕਾਰ ਖਿਲਾਰ ਦਿਤਾ । ਹੁਣ ਸੂਰਜ ਦੀਆਂ ਤਿੱਖੀਆਂ ਅਤੇ ਤੇਜ ਕਿਰਨਾਂ ਸੱਪ ਉੱਤੇ ਪੈ ਰਹੀਆ ਸਨ, ਸਤਿਗੁਰੂ ਜੀ ਉੱਤੇ ਨਹੀਂ । ਸਤਿਗੁਰੂ ਜੀ ਦੇ ਚਿਹਰੇ ਉੱਤੇ ਗਰਮੀ ਨਹੀਂ ਸੀ ਪਹੁੰਚ ਰਹੀ, ਛਾਂ ਹੋ ਗਈ। ਸਤਿਗੁਰੂ ਜੀ ਅਰਾਮ ਨਾਲ ਸੁੱਤੇ ਰਹੇ ।

ਅਚਾਨਕ ਘੋੜੇ ਉੱਤੇ ਸਵਾਰ ਰਾਇ ਬੁਲਾਰ ਉਧਰੋਂ ਲੰਘਿਆ। ਉਸ ਵੇਖਿਆ ਕਿ ਨਾਨਕ ਜੀ ਮੈਦਾਨ ਵਿੱਚ ਘਾਹ ਉੱਤੇ ਸੁੱਤੇ ਹੋਏ ਹਨ ਅਤੇ ਕੋਲ ਹੀ ਇਕ ਖਤਰਨਾਕ ਸੱਪ ਫਨ ਖਿਲਾਰੀ ਬੈਠਾ ਹੈ । ਰਾਇ ਬੁਲਾਰ ਡਰ ਗਿਆ ਕਿ ਇਹ

ਸੱਪ ਨਾਨਕ ਨੂੰ ਡੰਗ ਹੀ ਨਾ ਮਾਰ ਦੇਵੇ। ਉਹ ਜਲਦੀ-ਜਲਦੀ ਅਗਾਂਹ ਹੋਇਆ । ਸੱਪ ਨੇ ਉਹਨੂੰ ਆਉਂਦਿਆਂ ਵੇਖਿਆ, ਉਹ ਆਪਣਾ ਫਨ ਵਲ੍ਹੇਟ ਕੇ ਆਪਣੀ ਖੁੱਡ ਅੰਦਰ ਵੜ ਗਿਆ । ਨੇੜੇ ਜਾ ਕੇ ਰਾਇ ਬੁਲਾਰ ਨੇ ਵੇਖਿਆ ਕਿ ਨਾਨਕ ਗੂੜ੍ਹੀ ਨੀਂਦਰ ਸੁੱਤੇ ਹੋਏ ਹਨ । ਸੂਰਜ ਦੀ ਤਿੱਖੀ ਧੁੱਪ ਚਿਹਰੇ ਤੇ ਪੈ ਰਹੀ ਹੈ । ਉਹ ਜਿੰਦਾ ਸਨ । ਸੱਪ ਨੇ ਉਹਨਾਂ ਨੂੰ ਡੰਗ ਨਹੀਂ ਸੀ ਮਾਰਿਆ । ਉਹਨੇ ਤਾਂ ਕੇਵਲ ਆਪਣੇ ਫਨ ਨਾਲ ਛਾਂ ਕਰਕੇ ਸਤਿਗੁਰੂ ਜੀ ਨੂੰ ਤੇਜ ਧੁੱਪ ਤੋਂ ਬਚਾਇਆ ਹੋਇਆ ਸੀ । ਉਸ ਨੇ ਕੋਈ ਨੁਕਸਾਨ ਨਹੀਂ ਸੀ ਪਹੁੰਚਾਇਆ । ਉਹ ਤਾਂ ਸੇਵਾ ਕਰ ਰਿਹਾ ਸੀ ।

ਰਾਇ ਬੁਲਾਰ ਖੁਸ਼ੀ ਅਤੇ ਹੈਰਾਨੀ ਨਾਲ ਭਰ ਗਿਆ ਅਤੇ ਆਪਣੇ ਮਨ ਵਿਚ ਸੋਚਿਆ ਕਿ ਨਾਨਕ ਤਾਂ ਰੱਬ ਦਾ ਬਹੁਤ ਪਿਆਰਾ ਹੈ ਤਾਂ ਹੀ ਤੇ ਸੱਪ ਨੇ ਆਪਣਾ ਫਨ ਫੈਲਾ ਕੇ ਨਾਨਕ ਦੇ ਚਿਹਰੇ ਉਪਰ ਛਾਂ ਕੀਤੀ ਹੋਈ ਸੀ । ਉਹ ਘੋੜੇ ਉੱਤੋਂ ਉਤਰਿਆ ਅਤੇ ਨਾਨਕ ਜੀ ਦੇ ਚਰਨਾਂ 'ਚ ਸਿਰ ਝੁਕਾ ਦਿਤਾ । ਉਸ ਦਿਨ ਤੋਂ ਬਾਅਦ ਉਹ ਗੁਰੂ ਨਾਨਕ ਦੇਵ ਜੀ ਦਾ ਹੋਰ ਵੀ ਆਦਰ ਕਰਨ ਲੱਗ ਪਿਆ।

# 'ਪਹਿਲੀ ਪਾਤਸ਼ਾਹੀ'
## ਸਾਖੀ- ੩
## 'ਸੱਚਾ ਸੌਦਾ'

ਇਕ ਦਿਨ ਮਹਿਤਾ ਕਾਲੂ ਜੀ ਨੇ ਗੁਰੂ ਨਾਨਕ ਜੀ ਨੂੰ ਵੀਹ ਰੁਪਏ ਦਿੱਤੇ ਅਤੇ ਕਿਹਾ, "ਇਹਨਾਂ ਰੁਪਈਆਂ ਦਾ ਤੂੰ ਸ਼ਹਿਰੋਂ ਜਾ ਕੇ ਸਮਾਨ ਖਰੀਦ ਲਿਆ, ਜਿਸ ਵਿਚ ਸਾਨੂੰ ਫਾਇਦਾ ਹੋਵੇ । ਨਾਨਕ ਜੀ ਭਾਈ ਬਾਲਾ ਨੂੰ ਨਾਲ ਲੈ ਚੂਹੜਕਾਣ ਵੱਲ ਤੁਰ ਪਏ । ਉਹਨਾਂ ਘਣੇ ਜੰਗਲਾਂ ਵਿਚੋਂ ਲੰਘ ਕੇ ਜਾਣਾ ਸੀ । ਜੰਗਲ ਵਿੱਚ ਉਹਨਾਂ ਨੂੰ ਸਾਧੂ ਵਿਖੇ । ਨਾਨਕ ਜੀ ਨੇ ਸੋਚਿਆ ਕਿਉਂ ਨਾ ਇਹਨਾਂ ਮਹਾਨ ਸਾਧੂਆਂ ਨੂੰ ਜਾ ਕੇ ਮਿਲਿਆ ਜਾਵੇ ।

ਗੁਰੂ ਨਾਨਕ ਦੇਵ ਜੀ ਉਹਨਾਂ ਕੋਲ ਗਏ । ਗੱਲ-ਬਾਤ ਦੌਰਾਨ ਉਹਨਾਂ ਨੂੰ ਪਤਾ ਲੱਗਾ ਕਿ ਇਹ ਸਾਧੂ ਕਈ ਦਿਨਾਂ ਤੋ ਭੁੱਖੇ ਸਨ । ਗੁਰੂ ਨਾਨਕ ਨੇ ਸੋਚਿਆ ਕਿ ਪਿਤਾ ਨੇ ਮੈਨੂੰ ਸੱਚਾ ਸੌਦਾ ਕਰਨ ਲਈ ਕਿਹਾ ਹੈ ਅਤੇ ਇਹਨਾਂ ਭੁੱਖੇ ਸਾਧੂਆਂ ਨੂੰ ਭੋਜਨ ਛਕਾਉਣ ਤੋਂ ਹੋਰ ਸੱਚਾ ਸੌਦਾ ਕਿਹੜਾ ਹੋ ਸਕਦਾ ਹੈ ।

ਜਿਹੜੇ ਵੀਹ ਰੁਪਏ ਉਹਨਾਂ ਦੇ ਪਿਤਾ ਨੇ ਵਪਾਰ ਕਰਨ ਲਈ ਦਿੱਤੇ ਸਨ, ਉਹਨਾਂ ਰੁਪਈਆਂ ਦਾ ਉਹਨਾਂ ਨੇ ਸਾਧੂਆਂ ਨੂੰ ਲੰਗਰ ਛਕਾ ਦਿਤਾ । ਸਾਧੂ ਲੰਗਰ ਛਕ ਕੇ ਬਹੁਤ ਖੁਸ਼ ਹੋਏ ।

ਜਦੋਂ ਉਹ ਸਾਧੂਆਂ ਨੂੰ ਲੰਗਰ ਛਕਾ ਕੇ ਵਾਪਸ ਤਲਵੰਡੀ ਵੱਲ ਮੁੜੇ ਤਾਂ ਭਾਈ ਬਾਲਾ ਡਰ ਰਿਹਾ ਸੀ ਕਿ ਇਸ ਗੱਲ ਤੋਂ ਮਹਿਤਾ ਕਾਲੂ ਬਹੁਤ ਗੁੱਸੇ ਹੋਣਗੇ । ਜਦੋਂ ਘਰ ਨੇੜੇ ਆਇਆ ਤਾਂ ਗੁਰੂ ਨਾਨਕ ਜੀ ਇਕ ਦਰਖਤ ਹੇਠਾਂ ਰੁਕ ਗਏ । ਭਾਈ ਬਾਲਾ ਨੂੰ ਇਕੱਲੇ ਹੀ ਘਰ ਪਰਤਣਾ ਪਿਆ ।

ਜਦੋਂ ਮਹਿਤਾ ਕਾਲੂ ਨੂੰ ਪਤਾ ਲੱਗਾ ਕਿ ਨਾਨਕ ਨੇ ਸਾਰੇ ਪੈਸੇ ਖਰਚ ਕਰ

ਦਿਤੇ ਹਨ ਤਾਂ ਉਹਨਾਂ ਨੂੰ ਬਹੁਤ ਗੁੱਸਾ ਆਇਆ । ਉਹ ਉਸੇ ਵੇਲੇ ਨਾਨਕ ਜੀ ਕੋਲ ਪਹੁੰਚ ਗਏ ਤੇ ਗੁੱਸੇ ਨਾਲ ਉਹਨਾਂ ਤੇ ਹੱਥ ਚੁੱਕਣ ਲੱਗੇ ਪਰ ਉਹਨਾਂ ਦੀ ਭੈਣ ਨਾਨਕੀ ਨੇ ਮਾਰਨ ਤੋਂ ਰੋਕ ਦਿਤਾ ।

ਮਹਿਤਾ ਕਾਲੂ ਜੀ ਕਈ ਦਿਨਾਂ ਤੱਕ ਗੁਰੂ ਨਾਨਕ ਜੀ ਨਾਲ ਨਹੀ ਬੋਲੇ ਪਰ ਗੁਰੂ ਨਾਨਕ ਉਪਰ ਇਹਨਾਂ ਗੱਲਾਂ ਦਾ ਕੋਈ ਫਰਕ ਨਹੀਂ ਪਿਆ, ਉਹ ਤਾਂ ਬੱਸ ਪ੍ਰਭੂ ਭਗਤੀ ਵਿਚ ਲੀਨ ਸਨ ।

ਅੰਤ ਗੁਰੂ ਨਾਨਕ ਦੇਵ ਜੀ ਨੂੰ ਸੁਲਤਾਨਪੁਰ ਇਹਨਾਂ ਦੀ ਭੈਣ ਕੋਲ ਭੇਜ ਦਿਤਾ । ਸੁਲਤਾਨਪੁਰ ਇਹਨਾਂ ਦੇ ਜੀਜੇ ਨੇ ਨਵਾਬ ਦੇ ਮੋਦੀਖਾਨੇ ਤੇ ਨੌਕਰ ਰਖਵਾ ਦਿਤਾ । ਉਥੇ ਵੀ ਜੋ ਕੋਈ ਮੰਗੇ, ਦੇਈ ਜਾਣ । ਤੱਕੜੀ ਤੋਲਣ ਲੱਗਿਆਂ ਇੱਕ, ਦੋ, ਤਿੰਨ ਤੋਂ ਚਲਦਿਆਂ ਜਦ ਤੇਰਾਂ ਉੱਤੇ ਪੁਜਣਾ ਤਾਂ ਬਸ "ਤੇਰਾ-ਤੇਰਾ" ਦੀ ਰੱਟ ਲਗਾਈ ਜਾਣੀ । ਇਹੋ ਜਿਹਾ ਮੋਦੀ ਵੇਖ ਕੇ ਹੱਟੀ ਤੇ ਹਰ ਵੇਲੇ ਭੀੜ ਲੱਗੀ ਰਹਿੰਦੀ ।ਜਦੋਂ ਇਸ ਗੱਲ ਦੀ ਸ਼ਿਕਾਇਤ ਹੋਈ ਕਿ ਨਾਨਕ ਸੌਦਾ ਏਵੇਂ ਹੀ ਵੰਡੀ ਜਾਂਦਾ ਹੈ ਤਾਂ ਹਿਸਾਬ ਕਰਨ ਤੇ ਹੱਟੀ ਵਿੱਚ ਵਾਧਾ ਹੀ ਨਿਕਲਿਆ । ਫੇਰ ਸਤਿਗੁਰੂ ਜੀ ਨੇ ਹੱਟੀ ਵੀ ਛੱਡ ਦਿਤੀ।

# 'ਪਹਿਲੀ ਪਾਤਸ਼ਾਹੀ'
# ਸਾਖੀ– ੪
# (ਸੱਚੀ ਨਮਾਜ਼)

ਗੁਰੂ ਨਾਨਕ ਦੇਵ ਜੀ ਸਭ ਨੂੰ ਇਹੋ ਉਪਦੇਸ਼ ਦਿੰਦੇ ਕਿ ਅਸੀਂ ਸਭ ਇਕੋ ਪਰਮਾਤਮਾ ਦੀ ਸੰਤਾਨ ਹਾਂ । ਇਕ ਵਾਰ ਨਵਾਬ ਦੌਲਤ ਖਾਂ ਨੇ ਗੁਰੂ ਨਾਨਕ ਨੂੰ ਬੁਲਾ ਭੇਜਿਆ ਅਤੇ ਉਹਨਾਂ ਨੂੰ ਮਸੀਤ ਵਿੱਚ ਲੈ ਗਏ ਕਿ ਤੁਸੀਂ ਕਹਿੰਦੇ ਹੋ ਹਿੰਦੂ ਅਤੇ ਮੁਸਲਮਾਨ ਇਕੋ ਪਰਮੇਸ਼ਰ ਦੀ ਸੰਤਾਨ ਹਨ । ਜੇ ਅਸੀਂ ਸਭ ਇਕੋ ਹੀ ਹਾਂ ਚੱਲ ਸਾਡੇ ਨਾਲ ਮਸੀਤੇ ਨਮਾਜ਼ ਪੜ੍ਹਨ ਅਤੇ ਗੁਰੂ ਜੀ ਨੂੰ ਮਸੀਤੇ ਲੈ ਗਿਆ ।

ਪਿੰਡ ਵਿਚ ਰੌਲਾ ਪੈ ਗਿਆ ਕਿ ਨਾਨਕ ਮੁਸਲਮਾਨ ਹੋ ਗਿਆ ਹੈ । ਮਗਰ ਬੇਬੇ ਨਾਨਕੀ ਸਭ ਨੂੰ ਤਸੱਲੀਆਂ ਦੇਵੇ ਕਿ ਮੇਰਾ ਵੀਰ ਆਪ ਨਿਰੰਕਾਰ ਹੈ । ਜਦ ਗੁਰੂ ਜੀ ਮਸੀਤੇ ਗਏ ਤਾਂ ਖਲੋਤੇ ਰਹੇ । ਸਿਜਦਾ ਨਾ ਕੀਤਾ । ਜਦੋਂ ਨਮਾਜ਼ ਸਮਾਪਤ ਹੋ ਗਈ ਤਾਂ ਨਵਾਬ ਨੇ ਪੁੱਛਿਆ, "ਨਾਨਕਾ! ਤੂੰ ਨਮਾਜ਼ ਜਮਾਤ ਨਾਲ ਕਿਉਂ ਨਹੀਂ ਪੜ੍ਹੀ"। ਗੁਰੂ ਨਾਨਕ ਕਹਿੰਦੇ ਹਨ ਕਿ, 'ਮੈਂ ਨਮਾਜ਼ ਇਕੱਲਾ ਕਿਵੇਂ ਪੜ੍ਹਦਾ'। ਨਵਾਬ ਕਹਿੰਦੈ– "ਕਿਉਂ, ਮੈਂ ਸਾਂ, ਕਾਜ਼ੀ ਸਾਹਿਬ ਸਨ"।

ਗੁਰੂ ਨਾਨਕ ਜੀ ਅੱਗੋਂ ਜਵਾਬ ਦਿੱਤਾ ਕਿ ਤੁਸੀਂ ਤਾਂ ਕਾਬਲ ਘੋੜੇ ਖਰੀਦ ਰਹੇ ਸੀ । ਤੁਸੀਂ ਤਾਂ ਆਪ ਗੈਰ-ਹਾਜ਼ਿਰ ਸੀ ਭਾਵ ਤੁਹਾਡਾ ਧਿਆਨ ਨਮਾਜ਼ ਵਿੱਚ ਨਹੀਂ, ਘੋੜੇ ਖਰੀਦਣ ਵੱਲ ਸੀ । ਨਵਾਬ ਇਹ ਸੁਣ ਕੇ ਬਹੁਤ ਸ਼ਰਮਿੰਦਾ ਹੋਇਆ ਕਿਉਂਕਿ ਨਮਾਜ਼ ਵੇਲੇ ਉਸਦਾ ਖਿਆਲ ਘੋੜੇ ਖਰੀਦਣ ਵੱਲ ਹੀ ਸੀ ।

ਅਗੋਂ ਕਾਜ਼ੀ ਬੋਲਿਆ– "ਨਾਨਕ, ਮੈਂ ਮੌਜੂਦ ਸਾਂ, ਤੁਸਾਂ ਮੇਰੇ ਨਾਲ ਨਮਾਜ਼ ਪੜ੍ਹ ਲੈਣੀ ਸੀ" । ਨਾਨਕ ਬੋਲੇ– "ਕਾਜ਼ੀ ਸਾਹਿਬ ਤੁਸੀਂ ਵੀ ਇਥੇ ਨਹੀਂ ਸੀ । ਤੁਹਾਡਾ ਮਨ ਵੀ ਘਰ ਸੂਣ ਵਾਲੀ ਘੋੜੀ ਵੱਲ ਭੱਜ ਰਿਹਾ ਸੀ ਕਿ ਕਿਤੇ ਬੱਚਾ ਟੋਏ

ਵਿੱਚ ਨਾ ਡਿੱਗ ਪਵੇ । ਹੁਣ ਸਭ ਚੁੱਪ ਸਨ । ਸਤਿਗੁਰੂ ਜੀ ਬਚਨ ਕੀਤਾ, "ਰੱਬ ਵਾਲੇ ਪਾਸੇ ਧਿਆਨ ਰੱਖਣਾ ਹੀ ਅਸਲ ਨਮਾਜ਼ ਹੈ, ਹਮੇਸ਼ਾ ਯਾਦ ਰੱਖੋ ਕਿ ਜਦੋਂ ਵੀ ਪ੍ਰਾਰਥਨਾ ਕਰੀਏ, ਸਾਡਾ ਧਿਆਨ, ਦਿਮਾਗ, ਮਨ ਸਿਰਫ ਸਤਿਗੁਰਾਂ ਦੇ ਚਰਨਾਂ ਵੱਲ ਹੋਵੇ। ਦੁਨਿਆਵੀ ਗੱਲਾਂ ਵੱਲ ਨਾ ਹੋਵੇ ਤਾਂ ਹੀ ਸਾਡੀ ਪ੍ਰਾਰਥਨਾ ਸਤਿਗੁਰੂ ਦੇ ਚਰਨਾਂ ਤਕ ਪਹੁੰਚਦੀ ਹੈ । ਰੱਬ ਦੀ ਯਾਦ, ਸੱਤ ਧਰਮ ਤੇ ਰਹਿਣਾ, ਕਿਸੇ ਦਾ ਹੱਕ ਨਾ ਮਾਰਨਾ, ਇਹ ਅਸਲ ਨਮਾਜ਼ ਹੈ"।

## 'ਪਹਿਲੀ ਪਾਤਸ਼ਾਹੀ'
## ਸਾਖੀ- ੫
## (ਧਰਮ ਦੀ ਕਿਰਤ)

ਗੁਰੂ ਨਾਨਕ ਦੇਵ ਜੀ ਐਮਨਾਬਾਦ ਆਪਣੇ ਪ੍ਰੇਮੀ ਸਿੱਖ ਲਾਲੋ ਕੋਲ ਗਏ । ਉਥੇ ਭਾਈ ਲਾਲੋ ਦਸਾਂ ਨਵ੍ਹਾਂ ਦੀ ਧਰਮ ਦੀ ਕਿਰਤ ਕਰਦਾ ਸੀ । ਉਹ ਸੁੱਚਾ ਕਾਰ-ਵਿਹਾਰ ਕਰਦਾ ਅਤੇ ਰੱਬ ਨੂੰ ਵੀ ਯਾਦ ਕਰਦਾ । ਗੁਰੂ ਨਾਨਕ ਉਸ ਪਾਸ ਜਾ ਡੇਰਾ ਲਾਇਆ । ਉਹ ਗੁਰੂ ਜੀ ਦੀ ਬੜੇ ਪ੍ਰੇਮ ਨਾਲ ਸੇਵਾ ਕਰਦਾ । ਗੁਰੂ ਜੀ ਵੀ ਸੱਚ, ਧਰਮ ਦਾ ਉਪਦੇਸ਼ ਦਿੰਦੇ । ਗੁਰੂ ਜੀ ਬੜੇ ਪ੍ਰੇਮ ਨਾਲ ਕੋਧਰੇ ਦਾ ਪਰਸ਼ਾਦਾ ਛਕਦੇ ।

ਇਸੇ ਸ਼ਹਿਰ ਦਾ ਮਲਕ ਭਾਗੋ ਸ਼ਾਹੂਕਾਰ ਸੀ, ਜੋ ਪਾਪ ਦੀ ਕਮਾਈ ਕਰਦਾ, ਗਰੀਬਾਂ ਦਾ ਹੱਕ ਮਾਰਦਾ । ਉਸ ਨੇ ਭੰਡਾਰਾ ਕੀਤਾ ਜਿਸ ਵਿੱਚ ਗੁਰੂ ਨਾਨਕ ਜੀ ਨੂੰ ਵੀ ਸੱਦਿਆ ਪਰ ਗੁਰੂ ਨਾਨਕ ਜੀ ਨੇ ਪਾਪ ਵਾਲੀ ਕਮਾਈ ਦਾ ਭੋਜਨ ਛਕਣ ਤੋਂ ਇਨਕਾਰ ਕਰ ਦਿੱਤਾ । ਜਦੋਂ ਦੋ-ਤਿੰਨ ਵਾਰੀ ਬੁਲਾਇਆ ਤਾਂ ਗੁਰੂ ਜੀ ਭਾਈ ਲਾਲੋ ਦੇ ਕੋਧਰੇ ਦੇ ਸੁੱਕੇ ਪਰਸ਼ਾਦੇ ਵੀ ਨਾਲ ਲੈ ਤੁਰੇ । ਮਲਕ ਭਾਗੋ ਨੇ ਗੁਰੂ ਜੀ ਅੱਗੇ ਇਕ ਵੱਡਾ ਥਾਲ ਪੂੜੀਆਂ, ਕੜ੍ਹਾਹ ਅਤੇ ਹੋਰ ਚੰਗੇ-ਚੰਗੇ ਪਦਾਰਥਾਂ ਦਾ ਲਿਆ ਧਰਿਆ । ਗੁਰੂ ਜੀ ਨੇ ਛਕਣਾ ਤੇ ਕੀ ਸੀ, ਇਕ ਹੱਥ ਵਿੱਚ ਮਲਕ ਭਾਗੋ ਦੀਆਂ ਪੂੜੀਆਂ ਅਤੇ ਦੂਜੇ ਹੱਥ ਵਿੱਚ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਲੈ ਕੇ ਜੋਰ ਨਾਲ ਦਬਾਇਆ, ਨਚੋੜਿਆ, ਵੇਖਣ ਵਾਲੇ ਹੈਰਾਨ ਸਨ ਕਿ ਨਾਨਕ ਕੀ ਕਰ ਰਹੇ ਹਨ ।

ਵੇਖਦਿਆਂ-ਵੇਖਦਿਆਂ ਮਲਕ ਭਾਗੋ ਦੀਆਂ ਪੂੜੀਆਂ ਵਿਚੋਂ ਲਹੂ ਅਤੇ ਧਰਮ ਦੀ ਕਿਰਤ ਕਰਨ ਵਾਲੇ ਲਾਲੋ ਦੀ ਕੋਧਰੇ ਦੀ ਰੋਟੀ ਵਿਚੋਂ ਦੁੱਧ ਦੀਆਂ ਧਾਰਾਂ ਵਹਿ ਨਿਕਲੀਆਂ । ਮਲਕ ਭਾਗੋ ਇਹ ਵੇਖ ਕੇ ਚਰਨੀ ਢਹਿ ਪਿਆ ।

ਸਤਿਗੁਰੂ ਜੀ ਨੇ ਮਲਕ ਭਾਗੋ ਨੂੰ ਧਰਮ ਅਤੇ ਹੱਕ ਹਲਾਲ ਦੀ ਕਮਾਈ ਕਰਨ ਦਾ ਉਪਦੇਸ਼ ਦਿੱਤਾ ਅਤੇ ਕਿਹਾ ਕਿ ਦਸਾਂ ਨਵ੍ਹਾਂ ਦੀ ਕਿਰਤ ਕਰੋ, ਵੰਡ ਕੇ ਛਕੋ, ਕਿਸੇ ਦਾ ਹੱਕ ਨਾ ਮਾਰੋ, ਗਰੀਬਾਂ ਦਾ ਖ਼ੂਨ ਨਾ ਪੀਉ ।

## 'ਪਹਿਲੀ ਪਾਤਸ਼ਾਹੀ'
## ਸਾਖੀ- ੬
## (ਭਰਮ ਦੂਰ ਕਰਨਾ)

ਗੁਰੂ ਨਾਨਕ ਜੀ ਦੁਨੀਆਂ ਨੂੰ ਤਾਰਦੇ ਹੋਏ ਹਰਿਦੁਆਰ ਪਹੁੰਚ ਗਏ । ਉਥੇ ਕੀ ਵੇਖਦੇ ਹਨ ਕਿ ਲੋਕ ਗੰਗਾ ਵਿਚੋਂ ਪੂਰਬ ਵੱਲ ਪਾਣੀ ਸੁੱਟ ਰਹੇ ਹਨ ਉਤਾਂਹ ਨੂੰ ਕਿ ਇਹ ਪਾਣੀ ਉਹਨਾਂ ਦੇ ਪਿਤਰਾਂ ਨੂੰ ਪਹੁੰਚ ਰਿਹਾ ਹੈ । ਅਸੀਂ ਆਪਣੇ ਪਿਤਰਾਂ ਨੂੰ ਪਾਣੀ ਪਿਲਾ ਰਹੇ ਹਾਂ। ਸਤਿਗੁਰੂ ਜੀ ਉਹਨਾਂ ਤੋਂ ਉਲਟ ਪੱਛਮ ਵੱਲ ਪਾਣੀ ਦੇ ਛਿੱਟੇ ਦੇਣੇ ਸ਼ੁਰੂ ਕਰ ਦਿਤੇ ।

ਲੋਕ ਬੜੇ ਹੈਰਾਨ ਹੋ ਕੇ ਉਹਨਾਂ ਦੇ ਚਾਰ ਚੁਫੇਰੇ ਇਕੱਠੇ ਹੋ ਗਏ । ਹੱਸਣ ਲੱਗੇ ਅਤੇ ਰੌਲਾ ਪਾਉਣ ਲੱਗੇ । ਪਰ ਸਤਿਗੁਰੂ ਜੀ ਕੋਈ ਧਿਆਨ ਨਾ ਦਿਤਾ । ਪੱਛਮ ਵੱਲ ਪਾਣੀ ਸੁੱਟੀ ਗਏ । ਇਕ ਪੰਡਤ ਨੇ ਬਾਂਹ ਫੜ ਕੇ ਕਿਹਾ ਕਿ ਤੁਸੀ ਉਲਟੀ ਤਰਫ, ਪੱਛਮ ਵੱਲ ਪਾਣੀ ਕਿਉਂ ਸੁੱਟ ਰਹੇ ਹੋ? ਸਤਿਗੁਰੂ ਜੀ ਪੁੱਛਿਆ, "ਤੁਸੀਂ ਪੂਰਬ ਵੱਲ ਪਾਣੀ ਕਿਉਂ ਸੁੱਟ ਰਹੇ ਹੋ?" ਉਹ ਕਹਿੰਦਾ ਹੈ ਕਿ ਇਹ ਪਾਣੀ ਅਸੀਂ ਆਪਣੇ ਪਿੱਤਰਾਂ ਵੱਲ ਸੁੱਟ ਰਹੇ ਹਾਂ । ਇਹ ਪਾਣੀ ਉਹਨਾਂ ਕੋਲ ਪਹੁੰਚ ਰਿਹਾ ਹੈ ਅਤੇ ਇਸਦੀ ਉਹਨਾਂ ਨੂੰ ਲੋੜ ਵੀ ਹੈ। ਸਤਿਗੁਰੂ ਜੀ ਨੇ ਪੁੱਛਿਆ ਕਿ ਤੁਹਾਡੇ ਪਿੱਤਰ ਕਿੱਥੇ ਰਹਿੰਦੇ ਹਨ? ਉਹ ਸਥਾਨ ਕਿੰਨੀ ਦੂਰ ਹੈ, ਉਹ ਕਹਿੰਦੇ ਹਨ ਕਿ ਅਰਬਾਂ ਖਰਬਾਂ ਮੀਲ ਦੂਰ ਹੈ । ਗੁਰੂ ਨਾਨਕ ਕਹਿੰਦੇ ਹਨ ਕਿ ਇਹ ਤਾਂ ਬਹੁਤ ਚੰਗੀ ਗੱਲ ਹੈ । ਤੁਸੀਂ ਹੁਣ ਮੈਨੂੰ ਵੀ ਮੇਰਾ ਕੰਮ ਪੂਰਾ ਕਰਨ ਦਿਉ। ਮੇਰੇ ਖੇਤ ਸੁੱਕ ਰਹੇ ਹਨ, ਮੈਨੂੰ ਪਾਣੀ ਦੇਣ ਦਿਉ, ਗੁਰੂ ਨਾਨਕ ਜੀ ਨੇ ਹੋਰ ਜਲਦੀ-ਜਲਦੀ ਪਾਣੀ ਸੁੱਟਣਾ ਸ਼ੁਰੂ ਕਰ ਦਿਤਾ ।

ਲੋਕਾਂ ਨੇ ਮਖੌਲ ਨਾਲ ਪੁੱਛਿਆ ਕਿ ਤੁਹਾਡੇ ਖੇਤ ਕਿੱਧਰ ਹਨ ? ਗੁਰੂ ਨਾਨਕ ਦੇਵ ਕਹਿੰਦੇ ਹਨ-ਪੰਜਾਬ ਵਿੱਚ । ਲੋਕੀ ਕਹਿੰਦੇ ਹਨ- 'ਕਿੰਨੇ ਭੋਲੇ ਹੋ', ਤੁਹਾਨੂੰ

ਲਗਦਾ ਨਹੀਂ ਕਿ ਤੁਹਾਡੇ ਦੁਆਰਾ ਪਾਣੀ ਵਾਪਸ ਨਦੀ ਵਿਚ ਹੀ ਡਿੱਗ ਰਿਹਾ ਹੈ ? ਤੁਹਾਡੇ ਖੇਤਾਂ ਵਿੱਚ ਕਿਵੇਂ ਪਹੁੰਚੇਗਾ, ਨਹੀਂ ਪਹੁੰਚ ਸਕਦਾ ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜਿਵੇਂ ਤੁਹਾਡਾ ਪਾਣੀ ਅਰਬਾਂ-ਖਰਬਾਂ ਮੀਲ ਦੂਰ ਤੁਹਾਡੇ ਪਿੱਤਰਾਂ ਕੋਲ ਪਹੁੰਚੇਗਾ ਠੀਕ ਉਸੇ ਤਰ੍ਹਾਂ ਹੀ ਤੁਹਾਡਾ ਪਾਣੀ ਵੀ ਤਾਂ ਹੇਠਾਂ ਨਦੀ ਵਿੱਚ ਹੀ ਡਿੱਗ ਰਿਹਾ ਹੈ । ਮੇਰੇ ਖੇਤ ਤਾਂ ਇਸੇ ਧਰਤੀ ਉੱਤੇ ਕੁਝ ਸੈਂਕੜੇ ਮੀਲਾਂ ਤੇ ਹੀ ਹਨ ।

ਸਾਰਿਆਂ ਦੀ ਸਮਝ ਇਹ ਗੱਲ ਆ ਗਈ, ਇਸ ਤਰ੍ਹਾਂ ਸਤਿਗੁਰੂ ਜੀ ਨੇ ਸਭ ਦੇ ਭਰਮ ਦੂਰ ਕੀਤੇ ।

## 'ਪਹਿਲੀ ਪਾਤਸ਼ਾਹੀ'
## ਸਾਖੀ- ੭
## (ਮਾਸ ਮਨੁੱਖੀ ਆਹਾਰ ਨਹੀਂ)

ਸੰਸਾਰ ਨੂੰ ਤਾਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਕੰਧਾਰ ਪਹੁੰਚੇ ਅਤੇ ਨਗਰ ਤੋਂ ਬਾਹਰ ਜੰਗਲ ਵਿਚ ਆਸਣ ਲਾ ਲਿਆ । ਉਥੋਂ ਦਾ ਰਾਜਾ ਦੇਵਲੂਤ ਸੀ, ਜਿਸ ਦਾ ਜੀਵਨ ਮਾਸਾਹਾਰੀ ਸੀ । ਉਹ ਆਪਣੇ ਵਜੀਰਾਂ, ਅਹਿਲਕਾਰਾਂ ਨਾਲ ਉਥੇ ਸ਼ਿਕਾਰ ਖੇਡਣ ਗਿਆ । ਗੁਰੂ ਨਾਨਕ, ਬਾਲਾ, ਮਰਦਾਨਾ ਨੂੰ ਵੇਖ ਕੇ ਉਸ ਦੇ ਮਨ ਵਿਚ ਆਇਆ ਕਿ ਅੱਜ ਇਹਨਾਂ ਤਿੰਨਾਂ ਮਨੁੱਖਾਂ ਨੂੰ ਮਾਰ ਕੇ ਆਪਣਾ ਆਹਾਰ ਬਣਾਵਾਂਗੇ ।

ਉਸਨੇ ਆਪਣੇ ਸਿਪਾਹੀ ਸਤਿਗੁਰੂ ਜੀ ਨੂੰ ਫੜ੍ਹਣ ਵਾਸਤੇ ਭੇਜੇ । ਜਦੋਂ ਉਹ ਸਤਿਗੁਰੂ ਜੀ ਵੱਲ ਤੁਰੇ, ਸਤਿਗੁਰਾਂ ਐਸੀ ਕਲਾ ਵਰਤਾਈ ਕਿ ਉਹ ਅੰਨ੍ਹੇ ਹੋ ਗਏ । ਜਦੋਂ ਪਿੱਛੇ ਮੁੜੇ ਤਾਂ ਦਿੱਸਣ ਲਗ ਪਿਆ । ਦੇਵਲੂਤ ਦੇ ਪੁੱਛਣ 'ਤੇ ਉਹਨਾਂ ਕਿਹਾ ਕਿ ਸਾਨੂੰ ਦਿੱਸਣਾ ਬੰਦ ਹੋ ਗਿਆ ਸੀ । ਦੇਵਲੂਤ ਨੇ ਫੇਰ ਉਹਨਾਂ ਨੂੰ ਭੇਜਿਆ ਤਾਂ ਦੁਬਾਰਾ ਫੇਰ ਉਸੇ ਤਰ੍ਹਾਂ ਹੀ ਹੋਇਆ । ਫਿਰ ਉਸ ਨੇ ਆਪਣਾ ਵਜ਼ੀਰ ਗੁਰੂ ਜੀ ਵੱਲ ਭੇਜਿਆ । ਵਜ਼ੀਰ ਨੇ ਮਨ ਵਿੱਚ ਧਾਰਿਆ ਕਿ ਜੇ ਤੁਸੀਂ ਉੱਚ ਪਵਿੱਤਰ ਹਸਤੀ ਹੋ ਤਾਂ ਮੈਨੂੰ ਦਰਸ਼ਨ ਹੋਣ ਤਾਂ ਵਜੀਰ ਨੂੰ ਗੁਰੂ ਜੀ ਦੇ ਦਰਸ਼ਨ ਹੋ ਗਏ । ਉਸ ਦਾ ਮਨ ਸ਼ਾਂਤ ਹੋ ਗਿਆ ।

ਸਤਿਗੁਰੂ ਜੀ ਦਾ ਇਹ ਚਮਤਕਾਰ ਵੇਖ ਕੇ ਦੇਵਲੂਤ ਜਾ ਸਤਿਗੁਰੂ ਜੀ ਦੇ ਚਰਨੀਂ ਲੱਗਾ । ਮਨ ਦੇ ਕਪਾਟ ਖੁਲ੍ਹ ਗਏ, ਬੁੱਧੀ ਨਿਰਮਲ ਹੋ ਗਈ । ਮਨ ਵਿਚੋਂ ਕਰੂਰਤਾ, ਵਹਿਸ਼ੀਪੁਣਾ ਦੂਰ ਹੋ ਗਿਆ ਅਤੇ ਹੱਥ ਜੋੜ ਕੇ ਬੇਨਤੀ ਕੀਤੀ, ਮਹਾਰਾਜ ਜੀ, ਕਿਰਪਾ ਕਰਕੇ ਮੇਰੇ ਘਰ ਚਰਨ ਪਾਓ ਅਤੇ ਭੋਜਨ ਛਕਣ ਦੀ ਕਿਰਪਾਲਤਾ ਕਰੋ ।

"ਕਰਹੁ ਰਸੋਈ ਸੰਤ ਜੀ ਭੋਜਨ ਅਚਹੁ ਬਨਾਇ ॥

ਕਿਰਪਾ ਮੁਝ ਪਰ ਕੀਜੀਏ ਸ੍ਰੀ ਸਤਿਗੁਰੂ ਅਲਾਇ" ॥ (ਨਾਨਕ ਪ੍ਰਕਾਸ਼)

ਤਾਂ ਸਤਿਗੁਰੂ ਜੀ ਬਚਨ ਕੀਤਾ, "ਨਾ ਭਾਈ, ਅਸੀਂ ਤੇਰੇ ਘਰ ਦਾ ਪ੍ਰਸ਼ਾਦਾ ਨਹੀਂ ਛਕਾਂਗੇ"। ਉਸ ਪੁੱਛਿਆ, "ਕਿਉਂ ਜੀ ?" ਸਤਿਗੁਰੂ ਜੀ ਜਵਾਬ ਦਿੱਤਾ ਕਿ, "ਤੂੰ ਮਾਸ ਖਾਂਦਾ ਹੈਂ । ਮਾਸ ਮਨੁੱਖ ਦਾ ਆਹਾਰ ਨਹੀਂ । ਪਹਿਲਾਂ ਮਾਸਾਹਾਰੀ ਜੀਵਨ ਤਿਆਗ, ਜੀਵ ਹੱਤਿਆ ਕਰਨੀ ਛੱਡ" ।

ਉਸ ਬੇਨਤੀ ਕੀਤੀ, "ਗਰੀਬ ਨਿਵਾਜ, ਤੁਸੀਂ ਕਿਰਪਾ ਕਰੋ, ਜਿਵੇਂ ਹੁਕਮ ਕਰੋਗੇ, ਤਿਵੇਂ ਹੀ ਹੋਵੇਗਾ" । ਸਤਿਗੁਰੂ ਜੀ ਬਚਨ ਕੀਤਾ, "ਵੇਖ ਭਾਈ, ਸਾਰੇ ਜੀਅ ਰੱਬ ਦੇ ਹਨ । ਸਭਨਾਂ ਅੰਦਰ ਇਕੋ ਪਰਮੇਸ਼ਰ ਦੀ ਜੋਤ ਹੈ । ਜੀਅ ਨੂੰ ਦੁਖੀ ਕਰਨਾ ਉਸ ਮਾਲਕ ਨੂੰ ਦੁਖੀ ਕਰਨਾ ਹੈ । ਤੂੰ ਪ੍ਰਣ ਕਰ ਕਿ ਮਾਸ ਨਹੀਂ ਖਾਵੇਂਗਾ ਤਾਂ ਪ੍ਰਸ਼ਾਦਾ ਛਕਾਂਗੇ"।

ਪ੍ਰਿਥਮ ਤਜਹੁ ਆਮਿਖ ਕੋ ਖਾਣਾ ॥

ਕਰੋ ਜਾਸ ਹਿਤ ਜੀਅਨ ਹਾਨਾ ॥

ਯਉ ਨ ਤੁਮਰੋ ਖਾਉਂ ਕਦਾਪੀ ॥

ਤੁਮ ਹੋ ਜੀਵਨ ਕੇ ਸੰਤਾਪੀ ॥

ਸ਼ੁਭ ਉਪਦੇਸ਼ ਜਉ ਲੇਹੁ ਹਮਾਰਾ ॥

ਅਸਨ ਕਰੋ ਤਬ ਅੰਗੀਕਾਰਾ ॥ (ਨਾਨਕ ਪ੍ਰਕਾਸ਼)

ਦੇਵਲੂਤ ਸਤਿਗੁਰੂ ਜੀ ਦੇ ਚਰਨੀ ਢਹਿ ਪਿਆ ਅਤੇ ਸਤਿ ਬਚਨ ਕਿਹਾ ਤੇ ਪਿਛਲੀ ਗਲਤੀ ਦੀ ਮੁਆਫੀ ਮੰਗੀ । ਅਤੇ ਅੱਗੇ ਤੋਂ ਵੈਸਨੂੰ ਆਹਾਰ ਦਾ ਬਚਨ ਦਿੱਤਾ ।

ਸਤਿਗੁਰੂ ਜੀ ਉਸਦੇ ਮਹਿਲਾਂ ਵਿਚ ਪਧਾਰੇ, ਭੋਜਨ ਛਕਿਆ । ਉਸਨੂੰ ਅਤੇ ਉਸਦੇ ਸਾਥੀਆਂ ਨੂੰ ਨਾਮ ਦਾਨ ਅਤੇ ਇਸ਼ਨਾਨ ਦਾ ਉਪਦੇਸ਼ ਦਿਤਾ । ਕੁਝ ਮਹੀਨੇ ਉਥੇ ਰਹਿ ਕੇ ਗਿਆਨ ਦੇ ਭੰਡਾਰੇ ਨਾਲ ਸਾਰੇ ਨਗਰ ਵਾਸੀ ਸੰਤ ਬਿਰਤੀ ਵਾਲੇ ਬਣਾ ਦਿਤੇ । ਦੇਵਲੂਤ ਨੂੰ ਦੈਂਤ ਬੁੱਧੀ ਤੋਂ ਦੇਵਤਾ ਬੁੱਧੀ ਵਾਲਾ ਕਰ ਦਿਤਾ ਅਤੇ ਸਤਿਗੁਰੂ ਜੀ ਦੀ ਕਿਰਪਾ ਨਾਲ ਉਹ ਗੁਰੂ ਘਰ ਦਾ ਪ੍ਰਚਾਰਕ ਬਣਿਆ ।

## 'ਪਹਿਲੀ ਪਾਤਸ਼ਾਹੀ'
## ਸਾਖੀ- ੮
## (ਵੱਸਦੇ ਰਹੋ)

ਗੁਰੂ ਨਾਨਕ ਜੀ, ਬਾਲਾ ਅਤੇ ਮਰਦਾਨਾ ਸਮੇਤ ਜ਼ਿਲ੍ਹਾ ਲਾਹੌਰ ਤਹਿਸੀਲ ਚੂਹਣੀਆਂ ਦੇ ਪਿੰਡ ਕੰਗਣਪੁਰ ਪਹੁੰਚੇ । ਉਸ ਪਿੰਡ ਦੇ ਲੋਕ ਮਨਮੁੱਖੀ ਸੁਭਾਅ ਵਾਲੇ ਅਤੇ ਅਗਿਆਨੀ ਸਨ ।ਸਤਿਗੁਰੂ ਜੀ ਦੀ ਆਗਿਆ ਅਨੁਸਾਰ ਅੰਮ੍ਰਿਤ ਵੇਲੇ ਦੇ ਕੀਰਤਨ ਉਪਰੰਤ ਭੋਗ ਪਿਆ । ਕੁਝ ਬੰਦੇ ਬਾਅਦ ਵਿਚ ਆਏ ਉਹਨਾਂ ਨੇ ਸਤਿਗੁਰਾਂ ਦਾ ਬਹੁਤ ਨਿਰਾਦਰ ਕੀਤਾ, ਮੰਦੇ ਬੋਲ ਬੋਲੇ ਅਤੇ ਕਿਹਾ ਕਿ ਤੁਸੀ ਸਾਡੇ ਪਿੰਡੋਂ ਚਲੇ ਜਾਓ । ਤੁਸੀਂ ਸਾਡੇ ਬਾਲ-ਬੱਚੇ ਵਿਗਾੜ ਦੇਵੋਗੇ । ਸਾਨੂੰ ਤੁਹਾਡੇ ਵਰਗਿਆਂ ਦੀ ਜਰੂਰਤ ਨਹੀਂ । ਸਤਿਗੁਰੂ ਜੀ ਤੁਰਨ ਲੱਗਿਆਂ ਪਿੰਡ ਵਾਸੀਆਂ ਨੂੰ ਮੁਖਾਤਬ ਹੋ ਕੇ ਬਚਨ ਕੀਤਾ, "ਵੱਸਦੇ ਰਹੋ"।

ਅਗਲੇ ਦਿਨ ਕਿਸੇ ਹੋਰ ਪਿੰਡ ਡੇਰਾ ਕੀਤਾ, ਉਥੋਂ ਦੇ ਲੋਕ ਗੁਰਮੁਖ ਬਿਰਤੀ ਵਾਲੇ ਸਨ । ਸਾਰੇ ਪਿੰਡ ਵਾਸੀਆਂ ਨੂੰ ਚਾਅ ਚੜ੍ਹ ਗਿਆ। ਉਹਨਾਂ ਗੁਰੂ ਨਾਨਕ ਜੀ ਦਾ ਬਹੁਤ ਅਦਬ ਸਤਿਕਾਰ ਕੀਤਾ । ਅੰਮ੍ਰਿਤ ਵੇਲੇ ਦੇ ਕੀਰਤਨ ਵਿੱਚ ਸੰਗਤ ਦਾ ਬਹੁਤ ਇਕੱਠ ਸੀ । ਤਕਰੀਬਨ ਸਾਰਾ ਹੀ ਪਿੰਡ ਦਰਸ਼ਨਾਂ ਨੂੰ ਆਇਆ ਸੀ, ਸਤਿਗੁਰੂ ਜੀ ਨੇ ਸਭ ਨੂੰ ਸ਼ੁਭ ਉਪਦੇਸ਼ ਦੇ ਕੇ ਨਾਮ ਦੀ ਰੰਗਣ ਵਿਚ ਰੰਗ ਦਿਤਾ । ਸਤਿਗੁਰੂ ਜੀ ਜਦ ਸਾਥੀਆਂ ਨਾਲ ਤੁਰਨ ਲੱਗੇ ਤਾਂ ਉਹਨਾਂ ਪਿੰਡ ਵਾਸੀਆਂ ਨੂੰ ਕਿਹਾ- "ਉੱਜੜ ਜਾਉ"।

ਮਰਦਾਨਾ ਸਤਿਗੁਰੂ ਜੀ ਦੇ ਇਹਨਾਂ ਵਾਕਾਂ ਨੂੰ ਸੁਣ ਕੇ ਹੈਰਾਨ ਰਹਿ ਗਿਆ। ਜਿਸ ਪਿੰਡ ਦੇ ਲੋਕਾਂ ਨੇ ਸਤਿਗੁਰੂ ਜੀ ਨੂੰ ਪੁੱਛਿਆ ਤੱਕ ਨਹੀਂ, ਸਤਿਗੁਰੂ ਜੀ ਉਹਨਾਂ ਨੂੰ 'ਵਸਦੇ ਰਹੋ' ਦਾ ਵਰਦਾਨ ਦਿਤਾ ਅਤੇ ਜਿਹੜੇ ਪਿੰਡ ਦੇ ਲੋਕਾਂ ਨੇ ਸਤਿਗੁਰੂ ਜੀ ਦੀ ਬੜੀ ਸੇਵਾ ਕੀਤੀ ਸੀ, ਉਹਨਾਂ ਨੂੰ ਸਤਿਗੁਰੂ ਜੀ ਨੇ 'ਉੱਜੜ

ਜਾਉ' ਕਿਹਾ । ਮਰਦਾਨੇ ਨੂੰ ਸਤਿਗੁਰੂ ਜੀ ਦੇ ਇਹਨਾਂ ਬੋਲਾਂ ਦੀ ਸਮਝ ਨਾ ਆਈ ਤਾਂ ਉਸ ਨੇ ਸਤਿਗੁਰੂ ਜੀ ਨੂੰ ਇਸ ਬਾਰੇ ਪੁੱਛ ਲਿਆ।

ਸਤਿਗੁਰੂ ਜੀ ਬਚਨ ਕੀਤਾ, "ਜਿਹੜੇ ਪਿੰਡ ਦੇ ਲੋਕਾਂ ਨੇ ਕੋਈ ਆਦਰ ਸਤਿਕਾਰ ਨਹੀਂ ਕੀਤਾ, ਉਹ ਮਨੁੱਖ ਗੁਣਾਂ ਤੋਂ ਹੀਣ ਹਨ । ਉਹ ਜਿਥੇ ਵੀ ਜਾਣਗੇ, ਆਪਣੀ ਬੁਰਿਆਈ ਹੀ ਫੈਲਾਉਣਗੇ! ਸੋ ਉਹਨਾਂ ਦਾ ਪਿੰਡ ਵਿੱਚ ਵੱਸਣਾ ਹੀ ਠੀਕ ਹੈ, ਸੋ ਉਹਨਾਂ ਨੂੰ 'ਵਸਦੇ ਰਹੋ' ਕਿਹਾ।

ਜਿਹਨਾਂ ਆਦਰ ਸਤਿਕਾਰ ਕੀਤਾ ਹੈ, ਉਹਨਾਂ ਵਿੱਚ ਚੰਗੇ ਮਨੁੱਖੀ ਗੁਣ ਹਨ । ਉਹ ਜਿਥੇ ਵੀ ਜਾਣਗੇ, ਚੰਗਿਆਈ ਹੀ ਫੈਲਾਉਣਗੇ, ਸੋ ਉਹਨਾਂ ਨੂੰ 'ਉੱਜੜ ਜਾਉ' ਹੀ ਠੀਕ ਹੈ ।

ਮਰਦਾਨਾ ਸਤਿਗੁਰੂ ਜੀ ਦੇ ਬੋਲ ਸੁਣਕੇ ਪ੍ਰਸੰਨ ਹੋ ਗਿਆ।

## 'ਪਹਿਲੀ ਪਾਤਸ਼ਾਹੀ'
## ਸਾਖੀ- ੯
## 'ਗੁਰੂ ਨਾਨਕ ਦੇਵ ਅਤੇ ਵਲੀ ਕੰਧਾਰੀ'

ਆਪਣੀਆਂ ਯਾਤਰਾਵਾਂ ਦੌਰਾਨ ਇਕ ਦਿਨ ਗੁਰੂ ਨਾਨਕ ਦੇਵ ਜੀ, ਭਾਈ ਬਾਲਾ ਅਤੇ ਭਾਈ ਮਰਦਾਨਾ ਇਕ ਛੋਟੀ ਜਿਹੀ ਜਗ੍ਹਾ ਪਹੁੰਚੇ 'ਹਸਨ ਅਬਦਾਲ' ਜੋ ਕਿ ਹੁਣ ਪੰਜਾ ਸਾਹਿਬ ਹੈ । ਲੰਮੇ ਸਫਰ ਦੌਰਾਨ ਭਾਈ ਮਰਦਾਨੇ ਨੂੰ ਪਿਆਸ ਲੱਗੀ । ਭਾਈ ਮਰਦਾਨੇ ਨੇ ਗੁਰੂ ਜੀ ਨੂੰ ਆਖਿਆ ਕਿ ਉਸਦੇ ਬੁੱਲ ਸੁੱਕ ਗਏ ਹਨ ਅਤੇ ਪਿਆਸ ਨਾਲ ਅਵਾਜ਼ ਵੀ ਨਹੀਂ ਨਿਕਲ ਰਹੀ । ਪਰ ਲਾਗੇ ਕਿਤੇ ਪਾਣੀ ਨਹੀਂ ਸੀ ।

ਉਥੇ ਇਕ ਉੱਚੀ ਪਹਾੜੀ ਸੀ । ਉਸ ਪਹਾੜੀ ਉੱਤੇ ਵਲੀ ਕੰਧਾਰੀ ਰਹਿੰਦਾ ਸੀ । ਉਹ ਇਕ ਹੰਕਾਰੀ ਫਕੀਰ ਸੀ । ਵਰਤੋਂ ਵਾਸਤੇ ਪਹਾੜੀ ਉੱਤੇ ਹੀ ਬਹੁਤ ਜਲ ਸੀ ਅਤੇ ਇਸੇ ਗੱਲ ਦਾ ਉਸਨੂੰ ਹੰਕਾਰ ਸੀ । ਗੁਰੂ ਨਾਨਕ ਇਹਦਾ ਹੰਕਾਰ ਮਿਟਾਉਣ ਲਈ ਹੀ ਏਥੇ ਗਏ ਸਨ । ਮਰਦਾਨੇ ਨੂੰ ਪਿਆਸ ਲੱਗੀ ਤਾਂ ਸਤਿਗੁਰੂ ਜੀ ਕਿਹਾ ਕਿ "ਪਾਣੀ ਪਹਾੜੀ ਉੱਤੇ ਹੈ, ਜਾ ਕੇ ਪੀ ਲੈ" ।

ਪਹਾੜ ਬਹੁਤ ਉੱਚਾ ਸੀ ਪਰ ਉਸਨੂੰ ਪਿਆਸ ਵੀ ਬਹੁਤ ਤੇਜ਼ ਲੱਗੀ ਸੀ । ਇਸ ਕਰਕੇ ਇਧਰ-ਉਧਰ ਵੇਖਣ ਦੀ ਬਜਾਏ ਉਹ ਉਪਰ ਪਹੁੰਚ ਹੀ ਗਿਆ । ਉਥੇ ਵਲੀ ਕੰਧਾਰੀ ਆਪਣੀ ਝੁੱਗੀ ਦੇ ਬਾਹਰ ਬੈਠਾ ਸੀ । ਮਰਦਾਨੇ ਨੇ ਕਿਹਾ, "ਮੈਨੂੰ ਗੁਰੂ ਨਾਨਕ ਦੇਵ ਜੀ ਨੇ ਭੇਜਿਆ ਹੈ, ਮੈਨੂੰ ਬਹੁਤ ਤੇਜ਼ ਪਿਆਸ ਲੱਗੀ ਹੋਈ ਹੈ । ਮੈਨੂੰ ਥੋੜ੍ਹਾ ਪਾਣੀ ਮਿਲੇਗਾ"।

ਵਲੀ ਕੰਧਾਰੀ ਨੇ ਗੁੱਸੇ ਨਾਲ ਕਿਹਾ, "ਜਾਹ, ਆਪਣੇ ਗੁਰੂ ਨਾਨਕ ਨੂੰ ਜਾ ਕੇ ਕਹਿ ਕਿ ਉਹ ਤੈਨੂੰ ਪਾਣੀ ਦੇਵੇ"। ਮਰਦਾਨੇ ਨੇ ਉਸਨੂੰ ਬਹੁਤ ਕਿਹਾ ਪਰ ਉਸ

ਪਾਣੀ ਨਾ ਦਿਤਾ । ਅਖੀਰ ਮਰਦਾਨਾ ਵਾਪਸ ਮੁੜ ਆਇਆ ਅਤੇ ਆ ਕੇ ਗੁਰੂ ਨਾਨਕ ਜੀ ਨੂੰ ਸਾਰੀ ਗੱਲ ਦੱਸੀ ।

ਗੁਰੂ ਜੀ ਆਖਿਆ, "ਤੂੰ ਇਕ ਵਾਰੀ ਫੇਰ ਜਾ ਕੇ ਕਹਿ"। ਮਰਦਾਨੇ ਵਿਚ ਦੁਬਾਰਾ ਚੜ੍ਹਨ ਦੀ ਹਿੰਮਤ ਨਹੀਂ ਸੀ ਪਰ ਫਿਰ ਵੀ ਉਸਨੂੰ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਜਾਣਾ ਹੀ ਪਿਆ । ਉਸ ਨੇ ਫਿਰ ਜਾ ਕੇ ਵਲੀ ਕੰਧਾਰੀ ਨੂੰ ਪਾਣੀ ਵਾਸਤੇ ਕਿਹਾ ਪਰ ਉਸ ਨੇ ਫੇਰ ਦੁਬਾਰਾ ਮਨ੍ਹਾਂ ਕਰ ਦਿਤਾ । ਮਰਦਾਨੇ ਨੇ ਜਦੋਂ ਫੇਰ ਆ ਕੇ ਗੁਰੂ ਨਾਨਕ ਨੂੰ ਸਾਰੀ ਗੱਲ ਦੱਸੀ ਤਾਂ ਗੁਰੂ ਨਾਨਕ ਨੇ ਇੱਕ ਵਾਰੀ ਹੋਰ ਉੱਪਰ ਜਾਣ ਲਈ ਕਿਹਾ । ਇਸ ਵਾਰ ਮਰਦਾਨੇ ਦੀ ਹਾਲਤ ਬਿਲਕੁਲ ਮਰਨ ਵਾਲੀ ਹੋ ਗਈ ਸੀ ਪਰ ਇਸ ਵਾਰੀ ਵੀ ਉੱਪਰ ਆ ਕੇ ਉਸਨੂੰ ਪਾਣੀ ਮਿਲਣ ਦੀ ਬਜਾਏ ਵਲੀ ਕੰਧਾਰੀ ਕੋਲੋਂ ਗਾਲ੍ਹਾਂ ਹੀ ਮਿਲੀਆਂ ।

ਮਰਦਾਨਾ ਡਿੱਗਦਾ ਢਹਿੰਦਾ ਗੁਰੂ ਨਾਨਕ ਜੀ ਕੋਲ ਪਹੁੰਚਿਆ ਅਤੇ ਗੁਰੂ ਨਾਨਕ ਜੀ ਅੱਗੇ ਡਿੱਗ ਪਿਆ । ਸਤਿਗੁਰੂ ਜੀ ਖੜ੍ਹੇ ਹੋਏ ਅਤੇ ਪਹਾੜ ਵਿੱਚੋਂ ਇਕ ਪੱਥਰ ਹਟਾਇਆ । ਉਸ ਵਿਚੋਂ ਪਾਣੀ ਦਾ ਫੁਹਾਰਾ ਫੁੱਟਿਆ । ਸਤਿਗੁਰੂ ਜੀ ਨੇ ਥੋੜ੍ਹਾ ਜਿਹਾ ਜਲ ਮਰਦਾਨੇ ਦੇ ਮੂੰਹ ਤੇ ਸੁੱਟਿਆ । ਫਿਰ ਮਰਦਾਨੇ ਨੇ ਜਲ ਛਕਿਆ ।

ਵਲੀ ਕੰਧਾਰੀ ਨੇ ਵੇਖਿਆ ਕਿ ਸਤਿਗੁਰੂ ਜੀ ਨੇ ਚਮਤਕਾਰ ਕਰ ਕੇ ਮਰਦਾਨੇ ਦੀ ਪਿਆਸ ਬੁਝਾਈ ਹੈ ਅਤੇ ਉਸਦਾ ਆਪਣਾ ਪਾਣੀ ਦਾ ਸੋਮਾ ਸੁੱਕ ਗਿਆ ਹੈ, ਉਸ ਵਿੱਚ ਪਾਣੀ ਦੀ ਇੱਕ ਬੂੰਦ ਵੀ ਨਹੀਂ ਸੀ । ਗੁੱਸੇ ਵਿਚ ਵਲੀ ਕੰਧਾਰੀ ਨੇ ਇਕ ਵੱਡਾ ਸਾਰਾ ਪੱਥਰ ਸਤਿਗੁਰੂ ਜੀ ਵੱਲ ਸੁੱਟਿਆ । ਪੱਥਰ ਤੇਜੀ ਨਾਲ ਰਿੜ੍ਹਦਾ ਨੀਚੇ ਆ ਰਿਹਾ ਸੀ । ਪੱਥਰ ਆਉਂਦਿਆ ਵੇਖ ਮਰਦਾਨੇ ਦੇ ਸਾਹ ਸੁੱਕ ਗਏ । ਉਸ ਸੋਚਿਆ ਕਿ ਪਿਆਸ ਨਾਲ ਤਾਂ ਮੈਂ ਨਹੀਂ ਮਰਿਆ ਪਰ ਇਸ ਪੱਥਰ ਨਾਲ ਜ਼ਰੂਰ ਮਰ ਜਾਵਾਂਗਾ । ਪਰ ਸਤਿਗੁਰੂ ਜੀ ਨੇ ਪੱਥਰ ਨੂੰ ਆਪਣੇ ਹੱਥ ਨਾਲ ਰੋਕ ਦਿਤਾ । ਜਿਥੇ ਸਤਿਗੁਰੂ ਜੀ ਨੇ ਪੱਥਰ ਰੋਕਿਆ, ਉਸਦੇ ਨਾਲ ਹੀ ਥੱਲੇ ਪਾਣੀ ਦਾ ਚਸ਼ਮਾ ਵਗਦਾ ਰਿਹਾ ਜੋ ਕਿ ਅੱਜ ਵੀ ਉਸੇ ਤਰ੍ਹਾਂ ਹੀ ਹੈ ।

ਸਤਿਗੁਰੂ ਜੀ ਨੇ ਵਲੀ ਕੰਧਾਰੀ ਦਾ ਹੰਕਾਰ ਤੋੜਿਆ ਅਤੇ ਉਸਨੂੰ ਭਾਈ ਚਾਰੇ ਦਾ ਪਾਠ ਪੜ੍ਹਾਇਆ ।

ਅਖੀਰ ਉਸਨੂੰ ਆਪਣੀ ਗਲਤੀ ਮਹਿਸੂਸ ਹੋਈ ਤੇ ਉਸ ਮੁਆਫੀ ਮੰਗੀ ਅਤੇ ਗੁਰੂ ਨਾਨਕ ਜੀ ਦਾ ਸ਼ਰਧਾਲੂ ਬਣਿਆ ।

## 'ਪਹਿਲੀ ਪਾਤਸ਼ਾਹੀ'
## ਸਾਖੀ- ੧੦
## (ਬਾਬਰ ਦੀ ਕੈਦ)

ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨਾਲ ਵਿਚਰਦੇ ਹੋਏ ਐਮਨਾਬਾਦ ਪਹੁੰਚੇ । ਮੁਗਲ ਬਾਦਸ਼ਾਹ ਬਾਬਰ ਨੇ ਭਾਰਤ ਦੇਸ਼ ਤੇ ਹਮਲਾ ਕੀਤਾ । ਬਹੁਤ ਮਾਰ-ਕਾਟ ਕੀਤੀ । ਧੰਨ ਸੰਪਦਾ ਬਹੁਤ ਲੁੱਟੀ ਅਤੇ ਸਾਧੂ ਸੰਤਾਂ, ਮਹਾਤਮਾ ਨੂੰ ਫੜਕੇ ਜੇਲ੍ਹਾਂ ਵਿਚ ਕੈਦ ਕਰ ਦਿਤਾ, ਜਿਸ ਵਿਚ ਗੁਰੂ ਨਾਨਕ, ਬਾਲਾ ਅਤੇ ਭਾਈ ਮਰਦਾਨਾ ਵੀ ਸਨ । ਬਾਬਰ ਨੇ ਸਭ ਸਾਧੂ ਸੰਤਾਂ ਨੂੰ ਦਾਣੇ ਪੀਸਣ, ਚੱਕੀਆਂ ਚਲਾਉਣ ਦਾ ਹੁਕਮ ਕੀਤਾ ।

ਸਾਰੇ ਬੜੇ ਦੁਖੀ ਹੋਏ ਬਾਬਰ ਦੇ ਇਸ ਜ਼ੁਲਮ ਤੋਂ । ਸਤਿਗੁਰੂ ਜੀ ਨੂੰ ਉਹਨਾਂ ਤੇ ਬਹੁਤ ਦਇਆ ਆਈ । ਉਹਨਾਂ ਅੱਖਾਂ ਬੰਦ ਕਰਕੇ ਕੀਰਤਨ ਕਰਨਾ, ਸ਼ਬਦ ਪੜ੍ਹਨਾ ਸ਼ੁਰੂ ਕਰ ਦਿਤਾ । ਸਾਰੇ ਕੈਦੀ ਆਪਣਾ ਦੁੱਖ ਭੁੱਲ ਗਏ, ਚੱਕੀਆਂ ਚਲਾਉਣੀਆਂ ਭੁੱਲ ਗਏ ।

ਬਾਬਰ ਨੂੰ ਪਤਾ ਲੱਗਾ । ਉਹ ਉਸੇ ਵੇਲੇ ਵੇਖਣ ਗਿਆ, ਕੀ ਵੇਖਦਾ ਹੈ ਕਿ ਸਤਿਗੁਰੂ ਜੀ ਨੇਤਰ ਬੰਦ ਕਰ ਕੇ ਬਹੁਤ ਹੀ ਮਧੁਰ ਅਵਾਜ਼ ਵਿੱਚ ਸ਼ਬਦ ਪੜ੍ਹ ਰਹੇ ਹਨ । ਬਾਕੀ ਕੈਦੀ ਵੀ ਉਹਨਾਂ ਕੋਲ ਹੀ ਬੈਠੇ ਹਨ ਅਤੇ ਧਿਆਨ ਨਾਲ ਸੁਣ ਰਹੇ ਹਨ । ਸਤਿਗੁਰੂ ਜੀ ਐਸਾ ਕੌਤਕ ਰਚਿਆ ਕਿ ਚੱਕੀਆਂ ਆਪਣੇ-ਆਪ ਚਲ ਰਹੀਆਂ ਹਨ । ਬਾਬਰ ਬੜਾ ਹੈਰਾਨ ਹੋਇਆ । ਸ਼ਬਦ ਸੁਣ ਉਹ ਵੀ ਰਿਹਾ ਸੀ ਪਰ ਇਸਦਾ ਮਤਲਬ ਉਸ ਨੂੰ ਸਮਝ ਨਹੀਂ ਸੀ ਆ ਰਿਹਾ ।

ਜਦੋਂ ਸਤਿਗੁਰੂ ਜੀ ਨੇ ਨੇਤਰ ਖੋਲ੍ਹੇ ਤਾਂ ਬਾਬਰ ਪੁੱਛਦਾ ਹੈ ਕਿ ਉਹ ਕੀ ਗਾ ਰਹੇ ਸਨ । ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਤੂੰ ਇਹਨਾਂ ਬੰਦਿਆਂ, ਔਰਤਾਂ,

ਬੱਚਿਆਂ ਉੱਤੇ ਇੰਨੇ ਜ਼ੁਲਮ ਕਰ ਰਿਹਾ ਹੈ । ਉਹਨਾਂ ਨੂੰ ਮਾਰਦਾ ਹੈਂ, ਘਰ-ਬਾਰ ਲੁੱਟ ਰਿਹਾ ਹੈ, ਸਖ਼ਤ ਸਜ਼ਾਵਾਂ ਦੇ ਰਿਹਾ ਹੈ । ਮੈਂ ਪਰਮਾਤਮਾ ਅੱਗੇ ਅਰਦਾਸ ਕਰ ਰਿਹਾ ਹਾਂ ਕਿ ਉਹ ਆ ਕੇ ਤੇਰੇ ਇਹ ਜ਼ੁਲਮ ਵੇਖੇ ।

ਇਹ ਸ਼ਬਦ ਬਾਬਰ ਦੇ ਹਿਰਦੇ ਵਿੱਚ ਚੁੱਭ ਗਏ, ਉਹ ਬਹੁਤ ਸ਼ਰਮਿੰਦਾ ਹੋਇਆ । ਪੁੱਛਦਾ ਹੈ ਕਿ ਹੁਣ ਮੈਂ ਕੀ ਕਰਾਂ । ਗੁਰੂ ਨਾਨਕ ਦੇਵ ਜੀ ਬਚਨ ਕਰਦੇ ਹਨ ਕਿ ਅਸੀਂ ਸਾਰੇ ਇੱਕੋ ਹੀ ਪਰਮਾਤਮਾ ਦੇ ਬੱਚੇ ਹਾਂ । ਤੂੰ ਇਹਨਾਂ ਕੈਦੀਆਂ ਨੂੰ ਛੱਡ ਦੇਹ । ਇਹਨਾਂ ਦਾ ਸਮਾਨ, ਧਨ-ਦੌਲਤ ਸਭ ਵਾਪਸ ਕਰ ਦੇ । ਦਿਆਲੂ ਬਣ ।

ਬਾਬਰ ਨੇ ਸਾਰੀਆਂ ਗੱਲਾਂ ਮੰਨੀਆਂ ਅਤੇ ਆਪਣੀ ਭੁੱਲ ਬਖਸ਼ਾਈ ।

# ਦੂਜੀ ਪਾਤਸ਼ਾਹੀ

## (ਸਤਿਗੁਰੂ ਅੰਗਦ ਦੇਵ ਜੀ)



| | | |
|---|---|---|
| ਅਵਤਾਰ | : | ਵੈਸਾਖ ਸੁਦੀ । ਸੰਮਤ ੧੫੬੧ ਬਿਕਰਮੀ (੩੧ ਮਾਰਚ ੧੫੭੪ ਈ.) |
| ਅਸਥਾਨ | : | ਮੱਤੇ ਦੀ ਸਰਾਇ (ਜ਼ਿਲਾ ਫਿਰੋਜਪੁਰ) |
| ਪਿਤਾ ਦਾ ਨਾਮ | : | ਸ੍ਰੀ ਫੇਰੂ ਮੱਲ |
| ਮਾਤਾ | : | ਮਾਤਾ ਸਭਰਾਈ |
| ਮਹਿਲ | : | ਖੀਵੀ ਜੀ |
| ਸੰਤਾਨ | : | ਸ੍ਰੀ ਦਾਸੂ ਜੀ, ਸ੍ਰੀ ਦਾਤੂ ਜੀ, ਬੀਬੀ ਅਮਰੋ ਜੀ, ਬੀਬੀ ਅਨੋਖੀ ਜੀ । |
| ਜੋਤੀ ਜੋਤ | : | ਚੇਤ ਸੁਦੀ ੪ ਸੰਮਤ ੧੬੦੯ ਬਿਕਰਮੀ ਖੰਡੂਰ ਸਾਹਿਬ, ੧੫੫੨ ਈ. |

## 'ਦੂਜੀ ਪਾਤਸ਼ਾਹੀ'
## ਸਾਖੀ- ੧
## (ਚਿੱਕੜ ਚੋਂ ਕੌਲ ਕੱਢਣਾ)

ਭਾਈ ਲਹਿਣਾ ਦੇ ਰੂਪ ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿੱਚ ਰਹਿ ਕੇ ਅਥਾਹ ਸ਼ਰਧਾ ਅਤੇ ਪ੍ਰੇਮ-ਭਾਵ ਨਾਲ ਕਠਿਨ ਤੋਂ ਕਠਿਨ ਸੇਵਾ ਕੀਤੀ । ਬਗੈਰ ਕਿਸੇ ਕਿੰਤੂ-ਪਰੰਤੂ ਤੋਂ ਹਰ ਹੁਕਮ ਸਿਰ ਮੱਥੇ ਪਰਵਾਨ ਕੀਤਾ ।

ਗੁਰੂ ਨਾਨਕ ਜੀ ਨੇ ਗੁਰੂ ਅੰਗਦ ਜੀ ਨੂੰ ਗੁਰਗੱਦੀ ਬਖਸ਼ਣ ਤੋਂ ਪਹਿਲਾਂ ਕੁਝ ਇਮਤਿਹਾਨ ਲਏ, ਜਿਸ ਵਿੱਚ ਗੁਰੂ ਅੰਗਦ ਜੀ ਪੂਰਨ ਸਫਲ ਹੋਏ।

ਇਕ ਵਾਰ ਗੁਰੂ ਨਾਨਕ ਜੀ ਆਪਣੇ ਪੁੱਤਰਾਂ ਨਾਲ ਅਤੇ ਸੇਵਕ ਭਾਈ ਲਹਿਣੇ ਨਾਲ ਜਾ ਰਹੇ ਸਨ । ਗੁਰੂ ਨਾਨਕ ਜੀ ਨੇ ਹੱਥ ਵਿੱਚ ਇਕ ਕੌਲ ਫੜਿਆ ਹੋਇਆ ਸੀ । ਉਹਨਾਂ ਨੇ ਪਰਖਣ ਵਾਸਤੇ ਕੌਲ ਚਿੱਕੜ ਵਿੱਚ ਸੁੱਟ ਦਿਤਾ ਅਤੇ ਆਖਿਆ, "ਸ੍ਰੀ ਚੰਦ, ਲਖਮੀ ਦਾਸ, ਇਹ ਕੌਲ ਚਿੱਕੜ ਵਿਚੋਂ ਕੱਢ ਕੇ ਲਿਆਉ"।ਤਾਂ ਉਹ ਅੱਗੋਂ ਕਹਿਣ ਲੱਗੇ- 'ਇਹ ਸਾਡਾ ਕੰਮ ਨਹੀਂ, ਸਾਡੀਆਂ ਪੁਸ਼ਾਕਾਂ ਗੰਦੀਆਂ ਹੋ ਜਾਣਗੀਆ । ਕਿਸੇ ਸਫਾਈ ਕਰਨ ਵਾਲੇ ਤੋਂ ਕਢਵਾ ਦੇਂਦੇ ਹਾਂ'।

ਬਾਕੀ ਸਿੱਖ ਵੀ ਸੋਚੀਂ ਪੈ ਗਏ ਤਾਂ ਗੁਰੂ ਜੀ ਨੇ ਭਾਈ ਲਹਿਣੇ ਵੱਲ ਤੱਕਿਆ, ਭਾਈ ਜੀ ਨੇ ਆਪਣੇ ਸਾਫ ਕੱਪੜਿਆਂ ਅਤੇ ਦੇਹ ਦੀ ਕੋਈ ਪਰਵਾਹ ਨਹੀਂ ਕੀਤੀ। ਫੌਰਨ ਛਾਲ ਮਾਰ ਕੇ ਚਿੱਕੜ ਵਿਚੋਂ ਕੌਲ ਕੱਢ ਲਿਆਏ ਅਤੇ ਗੁਰੂ ਨਾਨਕ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ।

## 'ਦੂਜੀ ਪਾਤਸ਼ਾਹੀ'
## ਸਾਖੀ- ੨
## (ਹੁਕਮੈ ਅੰਦਰਿ ਸਭੁ ਕੋ)

ਇਕ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਪੁੱਛਿਆ, ''ਰਾਤ ਕਿੰਨੀ ਕੁ ਗੁਜ਼ਰ ਗਈ ਹੈ''? ਭਾਈ ਲਹਿਣਾ ਜੀ ਨੇ ਹੱਥ ਜੋੜ ਕੇ 'ਅਰਜ਼ ਕੀਤੀ, ''ਪਾਤਸ਼ਾਹ ਜੀ, ਜਿੰਨੀ ਰਾਤ ਤੁਸੀ ਬਿਤਾਈ ਹੈ, ਬੀਤੀ ਹੈ । ਜਿਤਨੀ ਬਾਕੀ ਹੈ, ਰਹਿੰਦੀ ਹੈ, ਇਹ ਨਾ ਅੱਧੀ ਹੈ ਨਾ ਸਾਰੀ ਬੀਤੀ ਹੈ । ਤੁਹਾਡੇ ਭਾਣੇ ਵਿੱਚ ਸਮਾਂ ਚੱਲ ਰਿਹਾ ਹੈ''।

ਇਕ ਵਾਰ ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਹੁਕਮ ਕੀਤਾ, ''ਇਸ ਕੱਪੜੇ ਥੱਲੇ ਮੁਰਦਾ ਪਿਆ ਹੈ, ਖਾਉ''।

ਸਤਿਗੁਰੂ ਜੀ ਦਾ ਹੁਕਮ ਸੁਣ ਕੇ ਬਾਕੀ ਸਿੱਖ ਤਾਂ ਡੋਲ ਗਏ ਪਰ ਭਾਈ ਲਹਿਣਾ ਜੀ ਅਰਜ ਕੀਤੀ, ''ਗਰੀਬ ਨਿਵਾਜ, ਜਿਸ ਪਾਸਿਉਂ ਹੁਕਮ ਹੋਵੇ, ਖਾਣਾ ਸ਼ੁਰੂ ਕਰਾਂ''। ਜਦੋਂ ਆਗਿਆ ਲੈ ਕੇ ਕੱਪੜਾ ਚੁੱਕਿਆ ਤਾਂ ਉਥੇ ਕੜ੍ਹਾਹ ਪ੍ਰਸ਼ਾਦ ਪਿਆ ਸੀ । ਇਸ ਤਰ੍ਹਾਂ ਉਹਨਾਂ ਨੇ ਆਪ ਆਪਣੇ ਸਤਿਗੁਰੂ ਦਾ ਹੁਕਮ ਮੰਨ ਕੇ ਸਿੱਖਾਂ ਨੂੰ ਸਤਿਗੁਰੂ ਦਾ ਹੁਕਮ ਮੰਨਣ ਦੀ ਜਾਚ ਦਸੀ ।

## 'ਦੂਜੀ ਪਾਤਸ਼ਾਹੀ'
## ਸਾਖੀ- ੩
## (ਕਿੱਕਰ ਤੋਂ ਮਠਿਆਈ)

ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ ਸ੍ਰੀ ਚੰਦ ਅਤੇ ਲਖਮੀ ਦਾਸ ਨੂੰ ਕਿੱਕਰ ਤੋਂ ਮਠਿਆਈ ਝਾੜਨ ਦਾ ਹੁਕਮ ਕੀਤਾ । ਪੁੱਤਰਾਂ ਨੇ ਜਵਾਬ ਦਿਤਾ- "ਪਿਤਾ ਜੀ, ਕਦੇ ਕਿੱਕਰਾਂ ਨਾਲ ਵੀ ਮਠਿਆਈ ਲੱਗੀ ਹੈ? ਕਿੱਕਰ ਉੱਤੇ ਹਲਵਾਈ ਬੈਠੇ ਹਨ? ਤਦ ਸਤਿਗੁਰੂ ਜੀ ਨੇ ਆਪਣੇ ਆਗਿਆਕਾਰੀ ਸੇਵਕ ਲਹਿਣਾ ਜੀ ਨੂੰ ਕਿੱਕਰ ਤੋਂ ਮਠਿਆਈ ਲਾਹੁਣ ਦਾ ਹੁਕਮ ਕੀਤਾ ।

ਲਹਿਣਾ ਜੀ ਸਤਿ ਬਚਨ ਕਹਿ ਕੇ ਕਿੱਕਰ ਹੇਠ ਚਾਦਰ ਵਿਛਾ ਕੇ, ਕਿੱਕਰ 'ਤੇ ਚੜ੍ਹ ਕੇ, ਹਲੂਣਾ ਦਿੱਤਾ ਤਾਂ ਥੱਲੇ ਮਠਿਆਈ ਦਾ ਢੇਰ ਲੱਗ ਗਿਆ ਜੋ ਸਾਰਿਆ ਨੇ ਖਾਧੀ ਕਿਉਂਕਿ ਉਹਨਾਂ ਨੂੰ ਆਪਣੇ ਗੁਰੂ ਉੱਤੇ ਵਿਸ਼ਵਾਸ ਸੀ ਕਿ ਜੇ ਉਹਨਾਂ ਕਿਹਾ ਹੈ- ਕਿੱਕਰ ਤੋਂ ਮਠਿਆਈ ਲਾਹ ਤਾਂ ਫੇਰ ਕਿੱਕਰ ਤੋਂ ਮਠਿਆਈ ਹੀ ਲੱਥੇਗੀ ।

ਸੋ ਕਿੱਕਰ ਉੱਤੇ ਚੜ੍ਹ ਕੇ, ਹਲੂਣਾ ਦੇ ਕੇ ਮਠਿਆਈ ਲਾਹੀ ਜੋ ਸਾਰਿਆਂ ਨੇ ਖਾਧੀ ।ਹਰ ਸਿੱਖ ਨੂੰ ਆਪਣੇ ਗੁਰੂ ਉੱਤੇ ਪੂਰਨ ਵਿਸ਼ਵਾਸ ਹੋਣਾ ਚਾਹੀਦਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦੀ ਨਿਸ਼ਕਾਮ ਸੇਵਾ, ਭਗਤੀ ਅਤੇ ਸ਼ਰਧਾ ਨੂੰ ਪ੍ਰਵਾਨ ਕਰ ਗੁਰਿਆਈ ਸੌਂਪ ਦਿੱਤੀ ਅਤੇ ਨਾਮ ਬਦਲ ਕੇ 'ਲਹਿਣੇ' ਤੋਂ 'ਸ੍ਰੀ ਗੁਰੂ ਅੰਗਦ ਦੇਵ' ਬਣਾ ਦਿੱਤਾ ਅਤੇ ਕਿਹਾ, "ਪੁਰਖਾ, ਤੂੰ ਆਪਣੇ ਨਗਰ ਖਡੂਰ ਚਲਾ ਜਾਹ, ਇਹੋ ਸਿੱਖੀ ਦਾ ਕੇਂਦਰ ਹੋਵੇਗਾ ।

# 'ਦੂਜੀ ਪਾਤਸ਼ਾਹੀ'
## ਸਾਖੀ- ੪
## (ਜੋਗੀ ਨੂੰ ਸਜ਼ਾ)

ਖਡੂਰ ਇੱਕ ਸ਼ਿਵਨਾਥ ਨਾਂ ਦਾ ਜੋਗੀ ਰਹਿੰਦਾ ਸੀ । ਉਹ ਗੁਰੂ ਜੀ ਦੀ ਉਪਮਾ ਸੁਣ ਕੇ ਬੜੀ ਈਰਖਾ ਕਰਦਾ ਸੀ । ਇਕ ਵਾਰੀ ਮੀਂਹ ਨਾ ਪਿਆ । ਉਸ ਨੂੰ ਮੌਕਾ ਮਿਲ ਗਿਆ। ਉਸ ਕਿਹਾ- 'ਮੀਂਹ ਇਸ ਵਾਸਤੇ ਨਹੀਂ ਪੈਂਦਾ ਕਿਉਂਕਿ ਰੱਬ ਤੁਹਾਡੇ ਤੇ ਕੋਪਵਾਨ ਹੈ ।ਤੁਸੀਂ ਗ੍ਰਹਿਸਤੀ ਨੂੰ ਗੁਰੂ ਮੰਨਦੇ ਹੋ । ਇਹ ਮੂਰਖ ਲੋਕਾਂ ਦੀ ਭੇਡ-ਚਾਲ ਹੈ ।ਗ੍ਰਹਿਸਤੀ ਗੁਰੂ ਨਹੀਂ ਹੋ ਸਕਦਾ । ਉਸ ਨੂੰ ਪਿੰਡੋਂ ਬਾਹਰ ਕੱਢੋ, ਫੇਰ ਮੀਂਹ ਪਵੇਗਾ।

ਲੋਕੀ ਵੀ ਸਵਾਰਥੀ ਅਤੇ ਮੂਰਖ। ਲੋਕਾਂ ਦੇ ਆਖਣ 'ਤੇ ਗੁਰੂ ਜੀ ਖਡੂਰੋਂ ਚਲੇ ਗਏ ਪਰ ਮੀਂਹ ਫੇਰ ਵੀ ਨਾ ਪਿਆ । ਜੋਗੀ ਲੱਗਾ ਮੰਤਰ ਪੜ੍ਹਨ ਪਰ ਸਭ ਬੇ-ਅਸਰ । ਉਨ੍ਹੀਂ ਦਿਨੀ ਸ੍ਰੀ ਅਮਰਦਾਸ ਜੀ ਗੁਰੂ ਜੀ ਦੇ ਦਰਸ਼ਨ ਕਰਨ ਆਏ । ਜਦ ਉਹਨਾਂ ਨੂੰ ਲੋਕਾਂ ਦੀ ਕਰਤੂਤ ਦਾ ਪਤਾ ਲੱਗਾ ਤਾਂ ਉਹ ਬੜੇ ਦੁਖੀ ਹੋਏ । ਉਹਨਾਂ ਕਿਹਾ ਕਿ ਜੋਗੀ ਨੂੰ ਕੀਤੇ ਦੀ ਸਜ਼ਾ ਮਿਲਣੀ ਚਾਹੀਦੀ ਹੈ ।

ਸ੍ਰੀ ਅਮਰਦਾਸ ਜੀ ਨੇ ਬਚਨ ਕੀਤਾ- ਲੋਕੋ, ਜੇ ਮੀਂਹ ਚਾਹੁੰਦੇ ਹੋ ਤਾਂ ਜੋਗੀ ਨੂੰ ਫੜ੍ਹ ਕੇ ਪੈਲੀਆਂ ਵਿੱਚ ਲੈ ਜਾਉ । ਜਿੱਥੇ ਇਹ ਜਾਵੇਗਾ, ਉਥੇ ਮੀਂਹ ਪਵੇਗਾ । ਇਹ ਸੁਣਦਿਆਂ ਲੋਕਾਂ ਨੇ ਜੋਗੀ ਨੂੰ ਕਾਬੂ ਕਰ ਲਿਆ । ਲਗੇ ਘਸੀਟਣ। ਜੋਗੀ ਜਿਥੇ ਵੀ ਜਾਵੇ ਮੀਂਹ ਪੈਂਦਾ ਜਾਵੇ । ਲੋਕਾਂ ਨੂੰ ਮੀਂਹ ਦੀ ਲੋੜ ਸੀ, ਬੈਲਾਂ ਮਗਰ ਰੱਸਿਆਂ ਨਾਲ ਜੋਗੀ ਨੂੰ ਬੰਨ੍ਹ ਦਿਤਾ, ਸਭ ਖੇਤਾਂ ਵਿੱਚ ਫਿਰਾਇਆ । ਵਿਚਾਰੇ ਦੇ ਫਿਰਾਂਦਿਆਂ-ਫਿਰਾਂਦਿਆਂ ਹੀ ਪ੍ਰਾਣ ਨਿਕਲ ਗਏ ।

ਪਿੰਡ ਵਾਸੀਆਂ ਨੇ ਗੁਰੂ ਜੀ ਪਾਸੋਂ ਮੁਆਫੀ ਮੰਗੀ ਅਤੇ ਉਹਨਾਂ ਨੂੰ ਵਾਪਸ ਖਡੂਰ ਲੈ ਆਏ ।

## 'ਦੂਜੀ ਪਾਤਸ਼ਾਹੀ'
## ਸਾਖੀ– ੫
## (ਸੀਂਹੇਂ ਊੱਪਲ ਨੂੰ ਉਪਦੇਸ਼)

ਸੀਂਹਾਂ ਉੱਪਲ ਇਕ ਚੰਗਾ ਸਰਦਾ ਪੁੱਜਦਾ ਆਦਮੀ ਸੀ । ਉਸਦੇ ਘਰ ਪੁੱਤਰ ਹੋਇਆ । ਹਰ ਪਾਸਿਉਂ ਵਧਾਈਆ ਮਿਲੀਆਂ । ਸੀਂਹੇਂ ਨੇ ੯ ਸੌਂ ਬੱਕਰਾ ਲੋਕਾਂ ਦੀ ਰੋਟੀ ਲਈ ਮੰਗਵਾਇਆ । ਜਦ ਗੁਰੂ ਅੰਗਦ ਦੇਵ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਸੀਂਹੇਂ ਨੂੰ ਇਸ ਕੁਕਰਮ ਤੋਂ ਵਰਜਣ ਲਈ ਬੜਾ ਸੁੰਦਰ ਉਪਦੇਸ਼ ਦਿਤਾ, "ਸੀਂਹਾ ਤੂੰ ਇੰਨੇਂ ਜਾਨਵਰ ਮਾਰੇਂਗਾ ਤਾਂ ਤੈਨੂੰ ਇੰਨਿਆਂ ਹੀ ਜੀਵਾਂ ਦਾ ਪਾਪ ਲੱਗੇਗਾ, ਤੂੰ ਤਾਂ ਹੁਣ ਖੁਸ਼ੀਆਂ ਰਚਾ ਰਿਹਾ ਹੈਂ, ਫੇਰ ਤੈਨੂੰ ਨਰਕਾਂ ਵਿੱਚ ਸੁੱਟਿਆ ਜਾਵੇਗਾ । ਉਸ ਵੇਲੇ ਪੁੱਤਰ ਜਾਂ ਰਿਸ਼ਤੇਦਾਰਾਂ ਕਿਸੇ ਵੀ ਤੇਰੀ ਬਾਂਹ ਨਹੀਂ ਫੜ੍ਹਨੀ, ਜਿਨ੍ਹਾਂ ਵਾਸਤੇ ਪਾਪ ਕਮਾ ਰਿਹਾ ਹੈਂ । ਖੁਸ਼ੀਆਂ ਵੇਲੇ ਸਾਰੇ ਸਾਥੀ ਬਣਦੇ ਹਨ, ਔਖੇ ਵੇਲੇ ਕੋਈ ਨੇੜੇ ਨਹੀਂ ਲਗਦਾ"।

ਸਤਿਗੁਰੂ ਜੀ ਦਾ ਉਪਦੇਸ਼ ਸੁਣ ਕੇ ਸੀਂਹੇਂ ਦੇ ਲੂੰ ਕੰਡੇ ਖੜ੍ਹੇ ਹੋ ਗਏ । ਉਸ ਨੇ ਕੰਨਾਂ ਨੂੰ ਹੱਥ ਲਾਏ । ਸਭ ਬੱਕਰਿਆਂ ਦੀਆਂ ਰੱਸੀਆਂ ਖੋਲ੍ਹ ਦਿਤੀਆਂ ਅਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ।

## ਤੀਜੀ ਪਾਤਸ਼ਾਹੀ
## (ਸਤਿਗੁਰੂ ਅਮਰ ਦਾਸ ਜੀ)



| | | |
|---|---|---|
| **ਅਵਤਾਰ** | : | ਵੈਸਾਖ ਸੁਦੀ ੧੪, ਸੰਮਤ ੧੫੩੬ ਬਿਕਰਮੀ (੫ ਮਈ ੧੪੭੯ ਈ.) |
| **ਅਸਥਾਨ** | : | ਬਾਸਰਕੇ (ਜਿਲ੍ਹਾ ਅੰਮ੍ਰਿਤਸਰ) |
| **ਪਿਤਾ** | : | ਸ੍ਰੀ ਤੇਜ ਭਾਨ ਜੀ |
| **ਮਾਤਾ** | : | ਮਾਤਾ ਸੁਲੱਖਣੀ ਜੀ |
| **ਸੰਤਾਨ** | : | ਰਾਮ ਕੌਰ (ਮਨਸਾ ਦੇਵੀ ਜੀ), ਸ੍ਰੀ ਮੋਹਨ ਜੀ, ਸ੍ਰੀ ਮੋਹਰੀ ਜੀ, ਬੀਬੀ ਭਾਨੀ ਜੀ, ਬੀਬੀ ਦਾਨੀ ਜੀ । |
| **ਜੋਤੀ ਜੋਤ** | : | ਭਾਦੋਂ ਸੁਦੀ ਪੂਰਨਮਾਸ਼ੀ, ਸੰਮਤ ੧੬੩੧ ਬਿਕਰਮੀ ਗੋਇੰਦਵਾਲ ਸਾਹਿਬ (੧੫੭੪ ਈ.) |

# 'ਤੀਜੀ ਪਾਤਸ਼ਾਹੀ'
## ਸਾਖੀ– ੧
## (ਗੁਰੂ ਧਾਰਨ)

ਸ੍ਰੀ ਅਮਰਦਾਸ ਜੀ ਬੜੇ ਸਾਧੂ ਸੁਭਾ ਦੇ ਸਨ । ਇਹਨਾਂ ੨੨ ਵਾਰ ਤੀਰਥ-ਯਾਤਰਾ ਕੀਤੀ । ਇਕ ਵਾਰ ਇਕ ਬ੍ਰਹਮਚਾਰੀ ਨਾਲ ਮੇਲ ਹੋਇਆ । ਅਮਰਦਾਸ ਜੀ ਨੇ ਬ੍ਰਹਮਚਾਰੀ ਨੂੰ ਕੁਝ ਛਕਣ ਵਾਸਤੇ ਦਿੱਤਾ । ਬ੍ਰਹਮਚਾਰੀ ਨੇ ਪ੍ਰੇਮ ਨਾਲ ਖਾ ਤਾਂ ਲਿਆ ਪਰ ਪੁੱਛਿਆ ਭਾਈ ਸਾਧਾ, "ਤੇਰਾ ਗੁਰੂ ਕਿਹੜਾ ਹੈ ?"

ਇਹ ਸਵਾਲ ਸੁਣ ਕੇ ਅਮਰਦਾਸ ਜੀ ਕੁਝ ਚੁੱਪ ਹੋ ਗਏ । ਫੇਰ ਉੱਤਰ ਦਿਤਾ, "ਬ੍ਰਹਮਚਾਰੀ ਜੀ, ਮੈਂ ਤਾਂ ਅਜੇ ਗੁਰੂ ਧਾਰਿਆ ਹੀ ਨਹੀਂ"। ਇਹ ਸੁਣਦਿਆਂ ਹੀ ਬ੍ਰਹਮਚਾਰੀ ਬੜਾ ਗੁੱਸੇ ਹੋ ਗਿਆ ਤੇ ਆਖਿਆ ਕਿ ਤੂੰ ਅਜੇ ਤੱਕ ਗੁਰੂ ਹੀ ਨਹੀਂ ਧਾਰਿਆ । ਤੂੰ ਤਾਂ ਮੇਰੀ ਸਾਰੀ ਕੀਤੀ ਕਰਨੀ ਤੇ ਪਾਣੀ ਫੇਰ ਦਿਤਾ ਹੈ । ਇਹ ਕਹਿ ਕੇ ਬ੍ਰਹਮਚਾਰੀ ਉੱਠ ਕੇ ਚਲਿਆ ਗਿਆ । ਉਸ ਤੋਂ ਬਾਅਦ ਇਹ ਗੁਰੂ ਅੰਗਦ ਦੇਵ ਜੀ ਦੇ ਚਰਨੀ ਲਗੇ, ਸੇਵਾ ਕੀਤੀ ।

ਸ੍ਰੀ ਅਮਰਦਾਸ ਜੀ ਬਾਰਾਂ ਸਾਲ ਸ੍ਰੀ ਗੁਰੂ ਅੰਗਦ ਜੀ ਦੀ ਹਰ ਤਰ੍ਹਾਂ ਨਾਲ ਦਿਨ ਰਾਤ ਸੇਵਾ ਕਰਦਿਆਂ, ਸਿਮਰਨ ਵਿੱਚ ਲੀਨ ਰਹੇ । ਆਪ, ਸਤਿਗੁਰੂ ਜੀ ਦੇ ਇਸ਼ਨਾਨ ਕਰਨ ਲਈ ਬਿਆਸਾ ਦਰਿਆ ਦਾ ਜਲ, ਚਾਹੇ ਮੀਂਹ ਹੋਵੇ ਜਾਂ ਹਨੇਰੀ, ਹਰ ਰੋਜ਼ ਅੰਮ੍ਰਿਤ ਵੇਲੇ ਲੈ ਆਉਂਦੇ । ਇਸ ਤੋਂ ਇਲਾਵਾ ਲੰਗਰ ਵਰਤਾਉਣ, ਭਾਂਡੇ ਮਾਂਜਣ, ਝਾੜੂ ਦੀ ਸੇਵਾ ਕਰਨੀ ।

ਸ੍ਰੀ ਗੁਰੂ ਅੰਗਦ ਦੇਵ ਜੀ ਆਪ ਜੀ ਦੀ ਸੇਵਾ, ਸਾਦਗੀ, ਸਿਮਰਨ ਅਤੇ ਸੰਜਮੀ ਜੀਵਨ ਤੋਂ ਖੁਸ਼ ਹੋ ਕੇ ਗੁਰਿਆਈ ਸੌਂਪੀ ।

## 'ਤੀਜੀ ਪਾਤਸ਼ਾਹੀ'
## ਸਾਖੀ- ੨
## (ਗੁਰੂ ਦਾ ਲੰਗਰ)

ਗੁਰੂ ਅਮਰਦਾਸ ਜੀ ਨੇ ਗੁਰੂ ਦੇ ਲੰਗਰ ਨੂੰ ਸਿੱਖ ਧਰਮ ਦੀ ਮਰਿਯਾਦਾ ਦਾ ਇਕ ਜ਼ਰੂਰੀ ਅੰਗ ਬਣਾ ਦਿਤਾ । ਛੋਟੇ-ਵੱਡੇ ਦੇ ਵਿਤਕਰੇ ਨੂੰ ਦੂਰ ਕਰਨ ਲਈ ਸਤਿਗੁਰੂ ਜੀ ਨੇ ਹੁਕਮ ਦਿਤਾ ਕਿ ਜੋ ਵੀ ਉਹਨਾਂ ਦੇ ਦਰਸ਼ਨਾਂ ਲਈ ਆਵੇ, ਪੰਗਤ ਵਿੱਚ ਬੈਠ ਕੇ ਲੰਗਰ ਵਿਚੋਂ ਪ੍ਰਸ਼ਾਦਾ ਛਕੇ ।

ਜਦ ਬਾਦਸ਼ਾਹ ਅਕਬਰ ਗੋਇੰਦਵਾਲ ਆਇਆ ਤਾਂ ਉਹ ਵੀ ਗੁਰੂ ਦੇ ਲੰਗਰ ਦਾ ਪ੍ਰਸ਼ਾਦਾ ਛਕ ਕੇ ਆਨੰਦਿਤ ਹੋਇਆ । ਬਾਦਸ਼ਾਹ ਅਕਬਰ ਨੇ ਲੰਗਰ ਲਈ ਸਤਿਗੁਰੂ ਜੀ ਨੂੰ ਮੋਹਰਾਂ ਭੇਟ ਕੀਤੀਆਂ ਪਰ ਸਤਿਗੁਰੂ ਜੀ ਨੇ ਇਹ ਕਹਿ ਕੇ ਮੋਹਰਾਂ ਲੈਣ ਤੋਂ ਇਨਕਾਰ ਕਰ ਦਿਤਾ ਕਿ ਗੁਰੂ ਘਰ ਦਾ ਲੰਗਰ ਤਾਂ ਅਕਾਲ ਪੁਰਖ ਦੀ ਬਖਸ਼ਸ਼ ਨਾਲ ਚਲਦਾ ਹੈ, ਕਿਸੇ ਬੰਦੇ ਦਾ ਮੁਹਤਾਜ ਨਹੀਂ । ਬਾਦਸ਼ਾਹ ਅਕਬਰ ਨਿਰੁੱਤਰ ਹੋ ਗਿਆ ।

# 'ਤੀਜੀ ਪਾਤਸ਼ਾਹੀ'
## ਸਾਖੀ- ੩
## (ਨਿਵੈ ਸੁ ਗਉਰਾ ਹੋਇ)

ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਆ ਕੇ ਸੱਚ-ਧਰਮ ਦਾ ਉਪਦੇਸ਼ ਦੇਣ ਲੱਗੇ । ਆਸ-ਪਾਸ ਤੋਂ ਹਜ਼ਾਰਾਂ ਹੀ ਲੋਕ ਆ ਕੇ ਸ਼ਾਂਤੀ ਪ੍ਰਾਪਤ ਕਰਦੇ ਪਰ ਗੁਰੂ ਅੰਗਦ ਦੇਵ ਜੀ ਦੇ ਪੁੱਤਰ ਦਾਸੂ ਤੇ ਦਾਤੂ ਬੜੀ ਈਰਖਾ ਕਰਦੇ । ਉਹ ਇਹ ਸਮਝਦੇ ਸਨ ਕਿ ਗੱਦੀ ਦੇ ਮਾਲਕ ਅਸੀਂ ਹਾਂ, ਇਹ ਕੌਣ ਹਨ ?

ਇਕ ਵਾਰੀ ਦਾਤੂ ਗੋਇੰਦਵਾਲ ਆਇਆ ਅਤੇ ਗੁਰੂ ਜੀ ਦੀ ਪ੍ਰਭੁਤਾ ਵੇਖ ਕੇ ਸੜ ਬਲ ਉਠਿਆ । ਭਰੇ ਦਿਵਾਨ ਵਿੱਚ ਜਾ ਕੇ ਗੁਰੂ ਜੀ ਨੂੰ ਲੱਤ ਮਾਰੀ । ਪਾਸ ਬੈਠੇ ਸਿੱਖਾਂ ਨੂੰ ਗੁੱਸਾ ਚੜ੍ਹ ਗਿਆ ਪਰ ਗੁਰੂ ਜੀ ਨੇ ਸਭ ਨੂੰ ਸ਼ਾਂਤ ਕੀਤਾ ਤੇ ਆਪ ਦਾਤੂ ਦੇ ਪੈਰ ਘੁੱਟਣ ਲਗ ਪਏ ਅਤੇ ਉਚਾਰਿਆ, "ਮੇਰੇ ਹੱਡ ਕਰੜੇ ਹਨ, ਤੁਹਾਡੇ ਚਰਨ ਕੋਮਲ ਹਨ, ਸੱਟ ਲਗ ਗਈ ਹੋਵੇਗੀ, ਖਿਮਾ ਕਰਨਾ ਤੁਸੀਂ ਜੋ ਚਾਹੋ ਲੈ ਜਾਉ"। ਇਹ ਕਹਿ ਕੇ ਗੁਰੂ ਜੀ ਆਸਣ ਤੋਂ ਉੱਠ ਬੈਠੇ ਅਤੇ ਗੋਇੰਦਵਾਲ ਛੱਡ ਦਿਤਾ ।

ਦਾਤੂ ਨੇ ਸਭ ਕੁਝ ਸਾਂਭ ਲਿਆ ਅਤੇ ਗੱਦੀ ਲਾ ਕੇ ਬੈਠਣ ਲੱਗਾ ਪਰ ਸਿੱਖ ਸਾਧ ਸਭ ਚਲੇ ਗਏ । ਦਾਤੂ ਵੀ ਮਾਲ ਅਸਬਾਬ ਲੈ ਕੇ ਖਡੂਰ ਰਵਾਨਾ ਹੋ ਗਿਆ । ਸੰਗਤਾਂ ਫੇਰ ਗੁਰੂ ਜੀ ਨੂੰ ਭਾਲ ਕੇ ਵਾਪਸ ਲੈ ਆਈਆਂ ਅਤੇ ਫਿਰ ਗਹਿਮਾਂ ਗਹਿਮ ਹੋ ਗਈ ।

# 'ਤੀਜੀ ਪਾਤਸ਼ਾਹੀ'

## ਸਾਖੀ– ੪

## (ਬਚਨ ਉਲੰਘਣ ਦਾ ਕੌੜਾ ਫਲ)

ਇਕ ਵਾਰ ਹਰੀ ਪੁਰ ਦਾ ਰਾਜਾ ਆਪਣੀਆਂ ਰਾਣੀਆਂ ਸਮੇਤ ਸਤਿਗੁਰੂ ਜੀ ਦੇ ਦਰਸ਼ਨ ਲਈ ਆਇਆ । ਸਤਿਗੁਰੂ ਜੀ ਬਚਨ ਕੀਤਾ, "ਲੰਗਰ ਵਿਚੋਂ ਪ੍ਰਸ਼ਾਦ ਛਕਣਾ, ਚਿੱਟੇ ਕੱਪੜੇ ਪਾਉਣਾ ਅਤੇ ਰਾਣੀਆਂ ਘੁੰਡ ਕੱਢੇ ਬਿਨਾਂ ਸਾਧ ਸੰਗਤ ਵਿੱਚ ਆਉਣਾ । ਰਾਜੇ ਨੇ ਸਤਿ ਬਚਨ ਕਹਿ ਦਿਤਾ । ਪ੍ਰਸ਼ਾਦ ਛਕ ਲਿਆ । ਸਫੈਦ ਬਸਤਰ ਪਾ ਲਏ ਅਤੇ ਸਭ ਰਾਣੀਆਂ ਨੇ ਘੁੰਡ ਲਾਹ ਦਿਤੇ ਪਰ ਸਭ ਤੋਂ ਛੋਟੀ ਰਾਣੀ ਨੇ ਮੂੰਹ ਤੋਂ ਪਰਦਾ ਨਾ ਹਟਾਇਆ ।

ਸਤਿਗੁਰੂ ਜੀ ਦੇ ਦਰਸ਼ਨ ਕਰਕੇ ਸੰਗਤ ਲੰਘਦੀ ਗਈ। ਸਭ ਤੋਂ ਛੋਟੀ ਰਾਣੀ ਦੇ ਮੂੰਹ ਤੇ ਕੱਪੜਾ ਵੇਖਿਆ ਤਾਂ ਸਤਿਗੁਰੂ ਜੀ ਦੇ ਮੁੱਖੋਂ ਸੁਭਾਵਕ ਹੀ ਨਿਕਲਿਆ, "ਇਸ ਝੱਲੀ ਨੂੰ ਕਿਉਂ ਲਿਆਏ ਹੋ"? ਸਤਿਗੁਰੂ ਜੀ ਦੇ ਮੁੱਖੋਂ ਇਹ ਸ਼ਬਦ ਨਿਕਲਣ ਦੀ ਦੇਰ ਸੀ, ਕਿ ਰਾਣੀ ਦਾ ਦਿਮਾਗ ਹਿੱਲ ਗਿਆ । ਉਸ ਨੇ ਕੱਪੜੇ ਪਾੜ ਸੁੱਟੇ ਅਤੇ ਚੀਕਾਂ ਮਾਰਦੀ ਜੰਗਲ ਨੂੰ ਭੱਜ ਗਈ । ਬੜਾ ਯਤਨ ਕੀਤਾ ਪਰ ਉਹ ਕਾਬੂ ਨਾ ਆਏ । ਅੰਤ ਹਾਰ ਕੇ ਰਾਜਾ ਪਰਿਵਾਰ ਸਮੇਤ ਵਾਪਸ ਚਲਾ ਗਿਆ ।

ਗੁਰੂ ਜੀ ਦਾ ਇਕ ਸਿੱਖ ਭਾਈ ਕਮਲੀਆ ਲੰਗਰ ਦੀ ਸੇਵਾ ਕਰਦਾ ਹੁੰਦਾ ਸੀ । ਉਹ ਲੱਕੜਾਂ ਲੈਣ ਗਿਆ ਤਾਂ ਉਹ ਪਾਗਲ ਰਾਣੀ ਉਸ ਤੇ ਟੁੱਟ ਪਈ । ਸਿੱਖ ਮਸਾਂ ਜਾਨ ਬਚਾ ਕੇ ਡੇਰੇ ਪੁੱਜਾ । ਗੁਰੂ ਜੀ ਨੂੰ ਸਾਰੀ ਵਾਰਤਾ ਦੱਸੀ । ਸਤਿਗੁਰੂ ਜੀ ਨੇ ਅਗਲੇ ਦਿਨ ਉਸੇ ਪਾਸੇ ਜਾਣ ਦਾ ਹੁਕਮ ਕੀਤਾ, ਨਾਲ ਹੀ ਚਰਨਾਂ ਦੇ ਜੋੜੇ ਦਾ ਇਕ ਪੈਰ ਬਖਸ਼ ਕੇ ਹੁਕਮ ਕੀਤਾ ਕਿ ਜਦੋਂ ਤੇਰੇ ਲਾਗੇ ਆਵੇ ਤਾਂ

ਇਸ ਜੋੜੇ ਨਾਲ ਸੇਵਾ ਕਰੀਂ ।

ਜਦੋਂ ਰਾਣੀ ਉਸ ਤੇ ਝਪਟੀ, ਉਸ ਸਿੱਖ ਨੇ ਉਸਦੇ ਸਿਰ ਤੇ ਉਹ ਚਰਨਾਂ ਦਾ ਜੋੜਾ ਲਾਇਆ । ਜੋੜਾ ਲਾਣ ਦੀ ਦੇਰ ਸੀ ਕਿ ਰਾਣੀ ਨੂੰ ਸੁਰਤ ਆ ਗਈ । ਉਸ ਨੇ ਨੰਗੇਜ ਢੱਕਣ ਲਈ ਅਰਜ਼ ਕੀਤੀ । ਸਿੱਖ ਨੇ ਆਪਣੀ ਚਾਦਰ ਉਸਦੇ ਉਪਰ ਪਾ ਦਿਤੀ ਅਤੇ ਆਪਣੇ ਨਾਲ ਲੈ ਆਇਆ । ਰਾਣੀ ਨੇ ਗੁਰੂ ਚਰਨਾਂ ਤੇ ਡਿੱਗ ਕੇ ਮੁਆਫੀ ਮੰਗੀ । ਗੁਰੂ ਜੀ ਬਖਸ਼ ਕੇ ਸੱਚਨ-ਸੱਚ ਨਾਲ ਵਿਆਹ ਕਰ ਦਿੱਤਾ। ਹੁਣ ਰਾਣੀ ਨੇ ਸੇਵਾ ਸ਼ੁਰੂ ਕਰ ਦਿਤੀ ਅਤੇ ਆਪਣਾ ਸਾਰਾ ਸਮਾਂ ਸੇਵਾ ਵਿੱਚ ਹੀ ਬਿਤਾਇਆ ।

## 'ਤੀਜੀ ਪਾਤਸ਼ਾਹੀ'
## ਸਾਖੀ- ੫
## (ਥੜ੍ਹੇ ਬਣਾਉਣੇ)

ਸਤਿਗੁਰੂ ਅਮਰਦਾਸ ਜੀ ਗੋਇੰਦਵਾਲ ਬਾਉਲੀ ਦੇ ਕੋਲ ਆਪਣੇ ਪੁੱਤਰਾਂ, ਜਵਾਈ ਅਤੇ ਸੰਗਤ ਨੂੰ ਥੜ੍ਹੇ ਬਣਾਉਣ ਦਾ ਹੁਕਮ ਕੀਤਾ । ਜੋ ਥੜ੍ਹਾ ਬਣਦਾ, ਗੁਰੂ ਜੀ ਢੁਹਾ ਦਿੰਦੇ । ਦੋ-ਤਿੰਨ ਵਾਰ ਥੜ੍ਹੇ ਬਣਾ ਕੇ ਸਾਰੇ ਪਿੱਛੇ ਹਟ ਗਏ ਪਰ ਜੇਠਾ ਜੀ ਰੋਜ਼ ਹੀ ਥੜ੍ਹੇ ਬਣਾਉਣ ਅਤੇ ਗੁਰੂ ਅਮਰਦਾਸ ਜੀ ਢਹਾ ਦੇਣ ।

ਇਹ ਵੇਖ ਸਤਿਗੁਰੂ ਜੀ ਦੇ ਪੁੱਤਰਾਂ ਕਿਹਾ ਕਿ ਤੁਸੀਂ ਵਿਅਰਥ ਹੀ ਥੜ੍ਹੇ ਬਣਾ ਰਹੇ ਹੋ, ਪਿਤਾ ਜੀ ਦੀ ਤਾਂ ਬੁਢਾਪੇ ਕਾਰਨ ਦਿਮਾਗੀ ਸੋਚ ਠੀਕ ਨਹੀਂ । ਜੇਠਾ ਜੀ ਕਿਹਾ- ਮੇਰਾ ਕੰਮ ਤਾਂ ਸਿਰਫ ਹੁਕਮ ਮੰਨਣਾ ਹੈ, ਥੜ੍ਹਾ ਬਣਾਉਣਾ ਹੈ ਜਾਂ ਢਾਹੁਣਾ, ਇਹ ਸਤਿਗੁਰੂ ਜੀ ਦੀ ਮੌਜ ਹੈ । ਭਾਵੇਂ ਸਾਰੀ ਉਮਰ ਹੀ ਥੜ੍ਹੇ ਬਣਵਾਉਣ । ਕੀ ਠੀਕ ਹੈ, ਕੀ ਗਲਤ ਹੈ, ਇਹ ਉਹੀ ਜਾਨਣ।

ਇਸ ਭਾਵਨਾ ਤੋਂ ਖੁਸ਼ ਹੋ ਕੇ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਖੁਸ਼ੀਆਂ ਬਖਸ਼ਦਿਆਂ ਉਹਨਾਂ ਨੂੰ ਸਤਿਗੁਰੂ ਰਾਮ ਦਾਸ ਬਣਾ ਕੇ ਗੁਰੂ ਗੱਦੀ ਸੌਂਪ ਦਿੱਤੀ ।

## ਚੌਥੀ ਪਾਤਸ਼ਾਹੀ

## (ਸਤਿਗੁਰੂ ਰਾਮ ਦਾਸ ਜੀ)



| | | |
|---|---|---|
| ਅਵਤਾਰ | : | ਕੱਤਕ ਵਦੀ ੨ ਸੰਮਤ ੧੫੯੧ ਬਿਕਰਮੀ ੨੪ ਅਕਤੂਬਰ ੧੫੩੪ ਈ. |
| ਅਸਥਾਨ | : | ਚੂਨਾ ਮੰਡੀ ਲਾਹੌਰ |
| ਪਿਤਾ | : | ਸ੍ਰੀ ਹਰਿਦਾਸ ਮੱਲ ਜੀ |
| ਮਾਤਾ | : | ਮਾਤਾ ਦਇਆ ਕੌਰ ਜੀ |
| ਮਹਿਲ | : | ਭਾਨੀ ਜੀ |
| ਸੰਤਾਨ | : | ਸ੍ਰੀ ਪ੍ਰਿਥੀ ਚੰਦ ਜੀ, ਸ੍ਰੀ ਮਹਾਂਦੇਵ ਜੀ, ਸ੍ਰੀ (ਗੁਰੂ) ਅਰਜਨ ਦੇਵ ਜੀ । |
| ਜੋਤੀ ਜੋਤ | : | ਭਾਦਰੋਂ ਸੁਦੀ ੩ ਸੰਮਤ ੧੬੩੮ ਬਿਕਰਮੀ ਗੋਇੰਦਵਾਲ ਸਾਹਿਬ (੧੫੮੧ ਈ.) |

## 'ਚੌਥੀ ਪਾਤਸ਼ਾਹੀ'

## ਸਾਖੀ- ੧

## (ਘੁੰਗਣੀਆਂ ਵੇਚਣਾ)

ਗੁਰੂ ਰਾਮ ਦਾਸ ਜੀ ਦਾ ਪਹਿਲਾ ਨਾਂ ਜੇਠਾ ਸੀ । ਇਹਨਾਂ ਦਾ ਜਨਮ ਪਿਤਾ ਹਰਦਾਸ ਮੱਲ ਅਤੇ ਮਾਤਾ ਦਇਆ ਕੌਰ ਜੀ ਦੇ ਘਰ ਹੋਇਆ । ਆਪ ਜੀ ਅਜੇ ੭ ਕੁ ਸਾਲ ਦੇ ਸਨ ਜਦੋਂ ਆਪ ਦੇ ਮਾਤਾ-ਪਿਤਾ ਗੁਜ਼ਰ ਗਏ । ਇਹਨਾਂ ਦੀ ਨਾਨੀ ਇਹਨਾਂ ਨੂੰ ਆਪਣੇ ਕੋਲ ਪਿੰਡ ਬਾਸਰਕੇ ਲੈ ਆਈ ।

ਸਤਿਗੁਰੂ ਅਮਰਦਾਸ ਜੀ ਜਦੋਂ ਬਾਸਰਕੇ ਤੋਂ ਪਰਿਵਾਰ ਸਮੇਤ ਗੋਇੰਦਵਾਲ ਆ ਗਏ ਤਾਂ ਜੇਠੇ ਨੂੰ ਯਤੀਮ ਜਾਣ ਕੇ ਆਪਣੇ ਨਾਲ ਲੈ ਆਏ । ਇੱਥੇ ਇਹ ਲੰਗਰ ਦੀ ਸੇਵਾ ਕਰਦੇ ਅਤੇ ਸਮਾਂ ਮਿਲਣ ਤੇ ਘੁੰਗਣੀਆਂ ਵੀ ਵੇਚਦੇ ਸਨ ਜੀਵਨ ਨਿਰਬਾਹ ਵਾਸਤੇ ।

## 'ਚੌਥੀ ਪਾਤਸ਼ਾਹੀ'

## ਸਾਖੀ- ੨

## (ਬੀਬੀ ਭਾਨੀ ਦਾ ਵਿਆਹ)

ਇਕ ਵਾਰ ਜੇਠਾ ਜੀ ਘੁੰਗਣੀਆਂ ਵੇਚਣ ਬਾਸਰਕੇ ਗਏ । ਸੁਭਾਵਕ ਉਸ ਵੇਲੇ ਗੁਰੂ ਅਮਰਦਾਸ ਜੀ ਆਪਣੇ ਮਹਿਲਾਂ ਨਾਲ ਬੀਬੀ ਭਾਨੀ ਦੇ ਵਰ ਬਾਰੇ ਵਿਚਾਰ ਕਰ ਰਹੇ ਸਨ ਕਿ ਵਰ ਕੈਸਾ ਹੋਵੇ । ਉਸ ਵੇਲੇ ਜੇਠਾ ਜੀ ਗਲੀ ਵਿਚੋਂ ਲੰਘ ਰਹੇ ਸਨ । ਮਾਤਾ ਜੀ ਦੀ ਨਜ਼ਰੀਂ ਪਏ ਤਾਂ ਮਾਤਾ ਜੀ ਇਸ਼ਾਰਾ ਕਰਦਿਆਂ ਕਿਹਾ ਕਿ ਇਹੋ ਜਿਹਾ ਵਰ ਹੋਣਾ ਚਾਹੀਦਾ ਹੈ ।

ਸਤਿਗੁਰੂ ਜੀ ਨੇ ਜੇਠਾ ਜੀ ਨੂੰ ਕੋਲ ਸੱਦ ਕੇ ਬਚਨ ਕੀਤਾ ਕਿ ਇਹੋ ਜਿਹਾ ਤਾਂ ਇਹ ਹੀ ਹੈ, ਹੋਰ ਕੋਈ ਨਹੀਂ ਅਤੇ ਅੱਛਾ ਵਰ ਜਾਣ ਕੇ ਬੀਬੀ ਭਾਨੀ ਦਾ ਵਿਆਹ ਜੇਠਾ ਜੀ ਨਾਲ ਕਰ ਦਿਤਾ ।

ਜੇਠਾ ਜੀ ਸਭ ਕੁਝ ਛੱਡ-ਛਡਾ ਕੇ ਸਤਿਗੁਰੂ ਜੀ ਦੀ ਸੇਵਾ ਵਿਚ ਰਹਿਣ ਲੱਗ ਪਏ ਅਤੇ ਸਤਿਗੁਰੂ ਅਮਰ ਦਾਸ ਜੀ ਇਹਨਾਂ ਦੀ ਸੇਵਾ ਤੋਂ ਇੰਨੇ ਖੁਸ਼ ਹੋਏ ਕਿ ਇਹਨਾਂ ਨੂੰ ਗੱਦੀ ਦਾ ਮਾਲਕ ਬਣਾ ਦਿਤਾ ਅਤੇ ਨਾਮ ਰੱਖਿਆ 'ਰਾਮਦਾਸ'।

## 'ਚੌਥੀ ਪਾਤਸ਼ਾਹੀ'
## ਸਾਖੀ- ੩
## (ਨਿਵੈ ਸੁ ਗਉਰਾ ਹੋਇ)

ਸੰਸਾਰ ਵਿਚ ਨਿਉਂ ਕੇ, ਨਿਮਰਤਾ ਸੰਗ ਰਹਿਣਾ ਹੀ ਲਾਭਦਾਇਕ ਵੇਖਿਆ ਤੇ ਸੁਣਿਆ ਗਿਆ ਹੈ । ਜਿਹੜਾ ਮਨੁੱਖ ਬਰਾਦਰੀ, ਰਿਸ਼ਤੇਦਾਰੀ ਵਿਚ ਆਕੜ ਕੇ ਨਹੀ, ਨਿਉਂ ਕੇ ਸਮਾਂ ਕੱਢ ਲੈਂਦਾ ਹੈ, ਉਹੀ ਚੰਗਾ ਰਹਿ ਜਾਂਦਾ ਹੈ । ਵੱਡੇ ਆਦਮੀ ਦੀ ਇਹੀ ਨਿਸ਼ਾਨੀ ਹੁੰਦੀ ਹੈ ਕਿ ਜਿੰਨਾ ਉਹ ਵੱਡਾ ਹੁੰਦਾ ਹੈ, ਉਨਾ ਹੀ ਨਿਮਰ ਹੁੰਦਾ ਹੈ ।

ਸ੍ਰੀ ਚੰਦ ਜੀ, ਸਤਿਗੁਰੂ ਨਾਨਕ ਦੇਵ ਜੀ ਦੇ ਪੁੱਤਰ ਇਕ ਵਾਰੀ ਸਤਿਗੁਰੂ ਰਾਮਦਾਸ ਜੀ ਨੂੰ ਮਿਲਣ ਗਏ । ਸਤਿਗੁਰੂ ਜੀ ਬਹੁਤ ਖੁਸ਼ ਹੋਏ । ਬਹੁਤ ਸਤਿਕਾਰ ਕੀਤਾ । ਸ੍ਰੀ ਸਤਿਗੁਰੂ ਜੀ ਨੂੰ ਸ੍ਰੀ ਚੰਦ ਜੀ ਨੇ ਹੈਰਾਨ ਹੋ ਕੇ ਪੁੱਛਿਆ, "ਜੀ ਆਪ ਨੇ ਦਾੜ੍ਹੀ ਬਹੁਤ ਵੱਡੀ ਰੱਖੀ ਹੋਈ ਹੈ, ਕੀ ਕਾਰਨ?" ਸਤਿਗੁਰੂ ਜੀ ਨੇ ਬੜੀ ਹਲੀਮੀ ਨਾਲ ਬਚਨ ਕੀਤਾ- "ਜੀ ਤੁਹਾਡੇ ਵਰਗੇ ਮਹਾਂ ਪੁਰਸ਼ਾਂ ਦੇ ਚਰਨ ਝਾੜਨ ਲਈ ਰੱਖੀ ਹੋਈ ਹੈ ਵੱਡੀ ਦਾੜ੍ਹੀ ।"

ਇਨਾਂ ਕਹਿ ਕੇ ਸਤਿਗੁਰੂ ਜੀ ਸ੍ਰੀ ਚੰਦ ਜੀ ਦੇ ਚਰਨ ਝਾੜਨ ਲੱਗ ਪਏ ਆਪਣੀ ਦਾੜ੍ਹੀ ਨਾਲ।

ਇਹਨਾਂ ਦੀ ਨਿਮਰਤਾ ਅਤੇ ਨਜ਼ਾਰਾ ਵੇਖ ਕੇ ਸਭ ਦੇ ਨੇਤਰ ਸਜਲ ਹੋ ਗਏ । ਸ੍ਰੀ ਚੰਦ ਜੀ ਨੇ ਰੋਕ ਕੇ ਕਿਹਾ- "ਜੀ ਏਸੇ ਕਾਰਨ ਤੁਹਾਨੂੰ ਗੁਰਗੱਦੀ ਮਿਲੀ ਹੈ ਅਤੇ ਅਸੀਂ ਵਾਂਝੇ ਰਹਿ ਗਏ ।"

ਸੋ ਨਿਉਂਕੇ ਚੱਲਣ ਵਾਲਾ, ਨਿਮਰਤਾ ਦਾ ਭੰਡਾਰ ਹਮੇਸ਼ਾ ਲਾਹੇਵੰਦ ਹੀ ਰਹਿੰਦਾ ਹੈ ।

## ਪੰਜਵੀਂ ਪਾਤਸ਼ਾਹੀ
## (ਸ੍ਰੀ ਸਤਿਗੁਰੂ ਅਰਜਨ ਦੇਵ ਜੀ)



| | | |
|---|---|---|
| ਅਵਤਾਰ | : | ਵੈਸਾਖ ਵਦੀ ੭ ਸੰਮਤ ੧੬੨0 ਬਿਕਰਮੀ ੧੫ ਅਪ੍ਰੈਲ ੧੫੬੩ ਈ. । |
| ਅਸਥਾਨ | : | ਸ੍ਰੀ ਗੋਇੰਦਵਾਲ, ਅੰਮ੍ਰਿਤਸਰ |
| ਪਿਤਾ | : | ਸਤਿਗੁਰੂ ਰਾਮ ਦਾਸ ਜੀ |
| ਮਾਤਾ | : | ਮਾਤਾ ਭਾਨੀ ਜੀ । |
| ਮਹਿਲ | : | ਬੀਬੀ ਗੰਗਾ ਜੀ |
| ਸੰਤਾਨ | : | (ਗੁਰੂ) ਹਰ ਗੋਬਿੰਦ ਜੀ |
| ਜੋਤੀ ਜੋਤ | : | ਜੇਠ ਸੁਦੀ ੪, ਸੰਮਤ ੧੬੬੩ ਬਿਕਰਮੀ ਲਾਹੌਰ, ੧੬0੬ ਈ. । |

# 'ਪੰਜਵੀਂ ਪਾਤਸ਼ਾਹੀ'
## ਸਾਖੀ- ੧
## ਜੀਵਨ

ਇਹਨਾਂ ਦਾ ਅਵਤਾਰ ਗੁਰੂ ਰਾਮ ਦਾਸ ਅਤੇ ਮਾਤਾ ਭਾਨੀ ਜੀ ਦੇ ਗ੍ਰਹਿ ਵਿਖੇ ਹੋਇਆ । ਇਹ ਸਭ ਤੋਂ ਛੋਟੇ ਪੁੱਤਰ ਸਨ ਮਗਰ ਪੂਰਨ ਆਗਿਆਕਾਰੀ ਸਨ ।

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਬੜੇ ਹੀ ਵਿਦਵਾਨ ਸਨ । ਇਹਨਾਂ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਇਕੱਠਾ ਕੀਤਾ ਅਤੇ ਸੰਪਾਦਿਤ ਕੀਤਾ । ਇਸ ਕੰਮ ਵਿੱਚ ਭਾਈ ਗੁਰਦਾਸ ਜੀ ਆਪ ਦੇ ਸਹਿਯੋਗੀ ਤੇ ਸਹਾਇਕ ਸਨ ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਬਣਵਾਇਆ ਜਿਸ ਦੀ ਨੀਂਹ ਲਾਹੌਰ ਦੇ ਸੂਫੀ ਫਕੀਰ ਹਜਰਤ ਮੀਆਂ ਮੀਰ ਤੋਂ ਰਖਵਾਈ। ਇਹਨਾਂ ਨੇ ਤਰਨ-ਤਾਰਨ, ਕਰਤਾਰਪੁਰ ਵਿੱਚ ਸਥਾਨ ਬਣਵਾਏ । ਕਾਲ ਤੋਂ ਪ੍ਰਭਾਵਿਤ ਲੋਕਾਂ ਦੇ ਹਿਤ ਲਈ ਛੇਹਰਟਾ ਖੂਹ ਲਗਵਾਇਆ ।

# 'ਪੰਜਵੀਂ ਪਾਤਸ਼ਾਹੀ'
## ਸਾਖੀ– ੨
## (ਬਾਲ–ਲੀਲ੍ਹਾ)

ਗੁਰੂ ਅਰਜਨ ਦੇਵ ਜੀ ਬਾਲਕ ਰੂਪ ਵਿਚ ਬਹੁਤ ਸੁੰਦਰ ਸਨ । ਉਹਨਾਂ ਦੀ ਮੁਸਕਰਾਹਟ ਜਗਤ ਨੂੰ ਮੋਹਣ ਵਾਲੀ ਸੀ । ਆਪ ਨਾਲ ਸਾਰੇ ਹੀ ਬਹੁਤ ਪਿਆਰ ਕਰਦੇ ਸਨ ।

ਸਤਿਗੁਰੂ ਅਮਰਦਾਸ ਜੀ (ਜੋ ਨਾਨੇ ਸਨ) ਆਪਣੇ ਨਿੱਕੇ ਦੋਹਤਰੇ ਨਾਲ ਬਹੁਤ ਪਿਆਰ ਕਰਦੇ ਸਨ । ਜਦੋਂ ਮਨ ਦੀ ਮੌਜ ਆਉਂਦੀ, ਜਦੋਂ ਭਜਨ ਬੰਦਗੀ, ਉਪਦੇਸ਼ ਕਰਨ, ਗੁਰੂ ਘਰ ਦੇ ਕੰਮਾਂ ਤੋਂ ਵਿਹਲ ਮਿਲਦਾ ਤਾਂ ਉਹ ਆਪਣੇ ਦੋਹਤਰੇ ਨੂੰ ਖਿਡਾਉਣ ਵਿੱਚ ਖੁਸ਼ੀ ਅਨੁਭਵ ਕਰਦੇ ।ਬਾਲ ਦੀ ਸੁੰਦਰਤਾ ਦਾ ਖੇੜਾ ਸਭ ਨੂੰ ਭਾਉਂਦਾ ਸੀ ।

ਇਕ ਦਿਨ ਆਪ ਰਿੜ੍ਹਦੇ–ਰਿੜ੍ਹਦੇ ਗੁਰਿਆਈ ਤਖਤ ਕੋਲ ਆ, ਦੋਵੇਂ ਹੱਥ ਦੋਵਾਂ ਬਾਹੀਆਂ ਨੂੰ ਪਾ ਕੇ ਉਪਰ ਚੜ੍ਹਨ ਦੀ ਕੋਸ਼ਿਸ਼ ਕਰਨ ਲੱਗੇ ਉਪਰੋਂ ਸਤਿਗੁਰੂ ਅਮਰਦਾਸ ਜੀ ਆ ਗਏ । ਆਪਣੇ ਦੋਹਤਰੇ ਨੂੰ ਵੇਖ ਕੇ ਆਪ ਵੀ ਮੁਸਕਰਾ ਪਏ ਅਤੇ ਖੁਸ਼ੀ ਨਾਲ ਬਚਨ ਕਰ ਦਿਤਾ, " ਗੁਰਿਆਈ ਦਾ ਤਖਤ ਤੁਸਾਂ ਪਿਉ–ਪੁੱਤਰਾਂ ਵਾਸਤੇ ਹੀ ਹੈ, ਤੁਸੀਂ ਹੀ ਇਸ ਦੇ ਯੋਗ ਹੋ ।ਨਾਲ ਹੀ ਵਰ ਦਿਤਾ, "ਦੋਹਿਤਾ ਬਾਣੀ ਦਾ ਬੋਹਿਥਾ" ।

ਉਪਰੋਕਤ ਬਚਨ ਹੋਣ ਦੀ ਦੇਰ ਸੀ ਕਿ ਬਾਲਕ ਰੂਪ ਗੁਰੂ ਅਰਜਨ ਦੇਵ ਜੀ ਨੇ ਦੋਵੇ ਹੱਥ ਤਖਤ ਦੀ ਬਾਹੀਆਂ ਨਾਲੋਂ ਛੱਡ ਕੇ ਗੁਰੂ ਜੀ ਵੱਲ ਵਧਾਏ ਕਿ ਉਹ ਇਹਨਾਂ ਨੂੰ ਗੋਦੀ ਚੁੱਕ ਲੈਣ । ਸਤਿਗੁਰੂ ਜੀ ਨੇ ਉਸੇ ਵੇਲੇ ਗੋਦੀ ਚੁੱਕ ਲਿਆ । ਪਿਆਰ ਕੀਤਾ ਅਤੇ ਖੁਸ਼ੀ ਆਨੰਦ ਦੇ ਲੋਰ ਵਿੱਚ ਅਨੇਕਾਂ ਹੀ ਵਰ ਦੇਈ ਗਏ ।

## 'ਪੰਜਵੀਂ ਪਾਤਸ਼ਾਹੀ'
## ਸਾਖੀ- ੩
## (ਬੁੱਧੂ ਦਾ ਆਵਾ)

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਭਾਈ ਬੁੱਧੂ ਘੁਮਿਆਰ ਲਾਹੌਰੀਏ ਦੇ ਘਰ ਬਿਰਾਜਮਾਨ ਸਨ ਸਿੱਖ ਸੰਗਤਾਂ ਸਮੇਤ । ਘਰ ਦਾ ਵਿਹੜਾ ਭਰਿਆ ਹੋਇਆ ਸੀ । ਦਿਵਾਨ ਸਜਿਆ ਹੋਇਆ ਸੀ ਅਤੇ ਉਪਦੇਸ਼ ਹੋ ਰਹੇ ਸਨ ।

ਭਾਈ ਬੁੱਧੂ ਨੇ ਗੁਰੂ ਜੀ ਦੇ ਆਪਣੇ ਘਰ ਚਰਨ ਪਵਾਏ ਕਿਉਂਕਿ ਆਵੇ ਨੂੰ ਅੱਗ ਦੇਣੀ ਸੀ । ਬੜੀ ਮਿਹਨਤ ਕੀਤੀ ਗਈ ਸੀ । ਕਈ ਲੱਖ ਇੱਟਾਂ ਦਾ ਭਾਰੀ ਆਵਾ ਸੀ । ਅਰਦਾਸ ਕਰਾਉਣੀ ਸੀ ਕਿ ਅੱਗ ਤੁਰ ਪਵੇ, ਇੱਟਾਂ ਪੱਕ ਜਾਣ । ਗੁਰੂ ਦਾ ਲੰਗਰ ਵੀ ਤਿਆਰ ਹੋ ਰਿਹਾ ਸੀ । ਸੰਗਤ ਨੂੰ ਛਕਾਇਆ ਜਾਣਾ ਸੀ ।

ਦਿਵਾਨ ਦੀ ਸਮਾਪਤੀ ਹੋਈ । ਗੁਰੂ ਦਾ ਲੰਗਰ ਜਿਹੜਾ ਭਾਈ ਬੁੱਧੂ ਵਲੋਂ ਤਿਆਰ ਸੀ, ਵਰਤਾਉਣ ਲੱਗੇ ਤਾਂ ਸਹਿਜ ਸੁਭਾ ਘਰ ਦਾ ਬਾਹਰਲਾ ਦਰਵਾਜਾ ਬੰਦ ਕਰ ਦਿਤਾ ਗਿਆ ਤਾਂ ਕਿ ਹੋਰ ਸੰਗਤ ਦੀ ਭੀੜ ਨਾ ਪਵੇ । ਜੇ ਕੋਈ ਇਸਤਰੀ ਪੁਰਸ਼ ਆਇਆ ਵੀ ਤਾਂ ਉਸਨੂੰ ਅਗਲੀ ਪੰਗਤ ਵਿੱਚ ਪ੍ਰਸ਼ਾਦ ਛਕਾ ਦਿਤਾ ਜਾਵੇਗਾ ।

ਸਭ ਨੇ ਪ੍ਰਸ਼ਾਦ ਛਕਿਆ । ਅਰਦਾਸ ਹੋਣ ਲੱਗੀ । ਜਦੋਂ ਇਹ ਬਚਨ ਕੀਤੇ- ਭਾਈ ਬੁੱਧੂ ਨੇ ਤਨ, ਮਨ ਤੇ ਧਨ ਨਾਲ ਗੁਰੂ ਦੀ, ਸਿੱਖ-ਸੰਗਤਾਂ ਦੀ ਸੇਵਾ ਕੀਤੀ ਹੈ, ਪ੍ਰਸ਼ਾਦ ਛਕਾਇਆ ਹੈ, ਮਨੋਕਾਮਨਾਵਾਂ ਪੂਰੀਆਂ ਕਰਨੀਆਂ ਅਤੇ ਆਵੇ ਨੂੰ ਅੱਗ ਦੇਣ ਲੱਗਾ ਹੈ, ਅੱਗ ਤੁਰ ਪਵੇ, ਇੱਟਾਂ ਪੱਕ ਜਾਣ । ਜਦੋਂ ਇਸ ਤਰ੍ਹਾਂ ਅਰਦਾਸ ਹੋ ਰਹੀ ਸੀ ਤਾਂ ਬਾਹਰ ਕੋਈ ਸਿੱਖ ਲੱਖੂ ਖਲੋਤਾ ਸੀ, ਜਿਹੜਾ ਜਪੀ ਤਪੀ ਸੀ, ਉਹ

ਬਾਹਰੋਂ ਅਵਾਜਾਂ ਦੇਈ ਜਾਣ ਲੱਗਾ– "ਬੁੱਧੂ ਦਾ ਆਵਾ ਕੱਚਾ ਰਹੇਗਾ, ਬੁੱਧੂ ਦਾ ਆਵਾ ਕੱਚਾ ਰਹੇਗਾ"। ਗੱਲ ਇਹ ਸੀ ਕਿ ਉਹ ਸਿੱਖ ਪੰਗਤ ਲੱਗਣ ਤੋਂ ਪਿਛੋਂ ਆਇਆ ਸੀ । ਭੁੱਖਾ ਸੀ । ਦਰਵਾਜੇ ਅੱਗੇ ਖਲੋਤਾ ਸੀ, ਦਰਵਾਜਾ ਨਾ ਖੋਲ੍ਹਿਆ। ਦੁਰਬਾਸ਼ਾ ਰਿਸ਼ੀ ਵਾਂਗ ਉਸਨੂੰ ਕ੍ਰੋਧ ਆ ਗਿਆ । ਉਸ ਨੇ ਕ੍ਰੋਧ ਵਿੱਚ ਹੀ ਇਹ ਬਚਨ ਆਖ ਦਿਤੇ ।

ਸਤਿਗੁਰੂ ਜੀ ਇਹ ਅਵਾਜ਼ ਸੁਣ ਕੇ ਬਾਹਰ ਆ ਵੇਖਿਆ ਤਾਂ ਅੱਗੇ ਲੱਖੂ ਸੀ । ਸਤਿਗੁਰੂ ਜੀ ਜਦੋਂ ਪੁੱਛਿਆ ਤਾਂ ਉਸ ਕਿਹਾ ਕਿ ਮੈਨੂੰ ਭੁੱਖ ਲੱਗੀ ਸੀ । ਮੈਂ ਪ੍ਰਸ਼ਾਦ ਛਕਣਾ ਸੀ ਪਰ ਇਹਨਾਂ ਦਰਵਾਜਾ ਨਹੀਂ ਖੋਲ੍ਹਿਆ ਤਾਂ ਮੈਂ ਕਿਹਾ ਕਿ ਆਵਾ ਕੱਚਾ ਰਹੇਗਾ । ਭਾਈ ਬੁੱਧੂ ਦਾ ਮਨ ਡੋਲ ਗਿਆ ਪਰ ਸਤਿਗੁਰੂ ਜੀ ਬਚਨ ਕੀਤਾ, "ਭਾਈ ਬੁੱਧੂ, ਭੁੱਖੇ ਸਿੱਖ ਨੇ ਅਵਾਜ ਦਿਤੀ ਸੀ । ਉਹ ਸੰਤ ਸੀ ਅਤੇ ਸਾਧ ਬਚਨ ਅਟਲਾਧਾ । ਪਰ ਤੂੰ ਚਿੰਤਾ ਨਾ ਕਰ । ਭਾਵੇਂ ਆਵਾ ਕੱਚਾ ਰਹੇ ਪਰ ਇੱਟਾਂ ਪੱਕੀਆਂ ਦੇ ਭਾਅ ਹੀ ਵਿਕਣਗੀਆਂ । ਇਹ ਬਚਨ ਸੁਣ ਭਾਈ ਬੁੱਧੂ ਦੇ ਚਿਹਰੇ ਦੀ ਉਦਾਸੀ ਦੂਰ ਹੋ ਗਈ ।

ਆਵੇ ਨੂੰ ਅੱਗ ਦਿਤੀ ਗਈ ਪਰ ਇੱਟਾਂ ਕੱਚੀਆਂ– ਪਿੱਲੀਆਂ ਹੀ ਰਹੀਆਂ । ਉਸ ਤੋਂ ਅਗਲੇ ਦਿਨ ਝੜੀ ਲੱਗ ਗਈ । ਝੜੀ ਏਨੀਂ ਵਧੀ ਕਿ ਕਈ ਦਿਨ ਮੀਂਹ ਪੈਂਦਾ ਰਿਹਾ । ਲਾਹੌਰ ਦੇ ਕਈ ਮਕਾਨ ਢਹਿ ਗਏ ਅਤੇ ਕਿਲ੍ਹੇ ਦੀ ਇਕ ਬਾਰ੍ਹੀ ਵੀ ਡਿੱਗ ਪਈ । ਉਸਦੇ ਡਿੱਗਣ ਨਾਲ ਇੱਟਾਂ ਦੀ ਲੋੜ ਵਧ ਗਈ । ਭਾਈ ਬੁੱਧੂ ਦੇ ਆਵੇ ਦੀਆਂ ਪਿੱਲੀਆਂ ਅਤੇ ਕੱਚੀਆਂ ਇੱਟਾਂ ਪੱਕੀਆਂ ਦੇ ਭਾਅ ਵਿਕੀਆਂ ਅਤੇ ਉਸ ਦੀ ਰਕਮ ਵਸੂਲ ਹੋ ਗਈ ।

ਸਤਿਗੁਰੂ ਜੀ ਭਾਈ ਬੁੱਧੂ ਦੇ ਘਰ ਚਰਨ ਪਾਏ । ਭਾਈ ਬੁੱਧੂ ਨਮਸਕਾਰ ਕਰਕੇ ਸਤਿਗੁਰੂ ਜੀ ਦਾ ਧੰਨਵਾਦ ਕਰਦਾ ਹੈ । ਸੋ ਜੋ ਸਤਿਗੁਰੂ ਜੀ ਦਾ ਆਸਰਾ ਲੈਂਦਾ ਹੈ, ਉਸਨੂੰ ਸਾਰੇ ਸੁੱਖ ਪ੍ਰਾਪਤ ਹੁੰਦੇ ਹਨ ।

## 'ਪੰਜਵੀਂ ਪਾਤਸ਼ਾਹੀ'
## ਸਾਖੀ– ੪
## (ਲੋੜਵੰਦ ਦੀ ਸੇਵਾ)

ਜਦੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ ਤਾਂ ਪ੍ਰਿਥੀ ਚੰਦ ਇਹ ਬਰਦਾਸ਼ਤ ਨਾ ਕਰ ਸਕਿਆ । ਉਸ ਨੇ ਸਭ ਪਾਸੇ ਆਪਣੇ ਬੰਦੇ ਬਿਠਾ ਦਿਤੇ । ਗੁਰੂ ਦੇ ਲੰਗਰ ਵਾਸਤੇ ਸਭ ਪਾਸੇ ਤੋਂ ਰਸਦ ਬੰਦ ਹੋ ਗਈ । ਖਜ਼ਾਨੇ ਖਾਲੀ ਹੋ ਗਏ ।

ਇਕ ਵੇਰ ਮਾਤਾ ਗੰਗਾ ਜੀ ਬਿਮਾਰ ਹੋ ਗਏ। ਵੈਦ ਨੇ ਕਿਹਾ, "ਦਵਾਈ ਦਿਉ, ਨਾਲ ਅਨਾਰ ਦਾ ਰਸ ਜ਼ਰੂਰ ਦਿਉ"। ਸਤਿਗੁਰੂ ਜੀ ਆਪ ਬਜ਼ਾਰੋਂ ਅਨਾਰ ਲੈਣ ਗਏ । ਜਦੋਂ ਅਨਾਰ ਲੈ ਕੇ ਵਾਪਸ ਮੁੜੇ ਤਾਂ ਇਕ ਰੋਗੀ ਮਿਲਿਆ ਰਸਤੇ ਵਿੱਚ। ਉਸ ਨੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਨਾਰ ਲਈ ਅਰਜ ਕੀਤੀ । ਸਤਿਗੁਰੂ ਜੀ ਮਾਤਾ ਜੀ ਦੀ ਬਿਮਾਰੀ ਭੁੱਲ ਗਏ ਪਰ ਉਸ ਰੋਗੀ ਦਾ ਦੁੱਖ ਨਾ ਸਹਾਰ ਸਕੇ । ਉਸਨੂੰ ਅਨਾਰ ਦੇ ਦਿਤਾ ।

ਹੋਰ ਪੈਸੇ ਵੀ ਨਹੀਂ ਸਨ ਕਿ ਹੋਰ ਅਨਾਰ ਖਰੀਦ ਸਕਣ । ਭਜਨ ਕਰਦੇ ਵਾਪਸ ਘਰ ਨੂੰ ਪਰਤੇ । ਜਦੋਂ ਘਰ ਪੁੱਜੇ ਤਾਂ ਮਾਤਾ ਜੀ ਦੀ ਬਿਮਾਰੀ ਦੂਰ ਹੋ ਚੁੱਕੀ ਸੀ । ਮਾਤਾ ਜੀ ਬਿਲਕੁਲ ਠੀਕ ਸਨ । ਅਨਾਰ ਗਰੀਬ ਰੋਗੀ ਨੇ ਖਾਧਾ ਅਤੇ ਰੋਗ ਮਾਤਾ ਜੀ ਦਾ ਠੀਕ ਹੋ ਗਿਆ । ਇਸੇ ਵਾਸਤੇ ਕਹਿੰਦੇ ਹਨ ਕਿ ਗਰੀਬ ਦੀ ਸੇਵਾ ਰੱਬ ਦੀ ਸੇਵਾ ਹੈ ।

## 'ਪੰਜਵੀਂ ਪਾਤਸ਼ਾਹੀ'
## ਸਾਖੀ- ੫
## (ਸ਼ਹੀਦੀ- ਗੁਰੂ ਅਰਜਨ ਦੇਵ ਜੀ)

ਮੁਗਲ ਬਾਦਸ਼ਾਹ ਜਹਾਂਗੀਰ ਦਾ ਰਾਜ ਸੀ । ਜਹਾਂਗੀਰ ਦੇ ਪੁੱਤਰ ਖੁਸਰੋ ਨੇ ਆਪਣੇ ਪਿਤਾ ਖਿਲਾਫ ਬਗਾਵਤ ਕਰ ਦਿੱਤੀ ਅਤੇ ਆਗਰੇ ਤੋਂ ਭੱਜ ਗਿਆ । ਉਸਨੇ ਕੁਝ ਸਮਾਂ ਗੋਇੰਦਵਾਲ ਵੀ ਆਸਰਾ ਲਿਆ । ਚੰਦੂ ਜੋ ਕਿ ਪਹਿਲਾਂ ਹੀ ਸਤਿਗੁਰੂ ਜੀ ਦਾ ਦੁਸ਼ਮਣ ਸੀ  ਉਸ ਨੇ ਜਹਾਂਗੀਰ ਦੇ ਕੰਨ ਭਰ ਦਿਤੇ । ਜਹਾਂਗੀਰ ਬਹੁਤ ਗੁੱਸੇ ਹੋਇਆ ਅਤੇ ਸਤਿਗੁਰੂ ਜੀ ਦੀ ਗ੍ਰਿਫਤਾਰੀ ਦਾ ਹੁਕਮ ਜਾਰੀ ਜਰ ਦਿਤਾ ।

ਸਤਿਗੁਰੂ ਜੀ ਨੂੰ ਲਾਹੌਰ ਬੁਲਵਾ ਕੇ ਬੜੇ ਤਸੀਹੇ ਦਿਤੇ ਗਏ । ਜੇਠ ਦੀ ਝੁਲਸਦੀ ਧੁੱਪ ਵਿੱਚ ਸਤਿਗੁਰੂ ਜੀ ਨੂੰ ਉਬਲਦੀਆਂ ਦੇਗਾਂ ਵਿੱਚ ਬਿਠਾਇਆ ਗਿਆ । ਤੱਤੀ ਤਵੀ ਤੇ ਬਿਠਾ ਕੇ ਉਪਰੋਂ ਤੱਤੀ ਰੇਤ ਦੇ ਕੜਛੇ ਪਾਏ ਗਏ । ਗੁਰੂ ਜੀ ਬਿਲਕੁਲ ਨਾ ਡੋਲੇ । ਫੇਰ ਗੁਰੂ ਜੀ ਨੂੰ ਗਊ ਦੇ ਚਮੜੇ ਵਿੱਚ ਮੜ੍ਹਨ ਦਾ ਹੁਕਮ ਹੋਇਆ ।

ਸਤਿਗੁਰੂ ਜੀ ਸਾਰੀਆ ਤਕਲੀਫਾਂ ਸਹਿ ਸਕਦੇ ਸਨ ਪਰ ਚਮੜੇ ਵਿੱਚ ਮੜ੍ਹਿਆ ਜਾਣਾ ਉਹਨਾਂ ਲਈ ਤਕਲੀਫਦੇਹ ਸੀ । ਇਸ ਨਾਲੋਂ ਉਹਨਾਂ ਨੇ ਆਪਣਾ ਸਰੀਰ ਤਿਆਗਣਾ ਹੀ ਠੀਕ ਸਮਝਿਆ ।

ਸਤਿਗੁਰੂ ਜੀ ਰਾਵੀ ਦਰਿਆ ਵਿੱਚ ਇਸ਼ਨਾਨ ਕਰਨ ਦੀ ਇੱਛਾ ਪ੍ਰਗਟ ਕੀਤੀ । ਹਾਕਮਾਂ ਨੇ ਸੋਚਿਆ ਕਿ ਠੰਡਾ ਪਾਣੀ ਗੁਰੂ ਜੀ ਨੂੰ ਜ਼ਿਆਦਾ ਤਕਲੀਫ ਦੇਵੇਗਾ । ਇਹ ਸੋਚ ਕੇ ਇਸ਼ਨਾਨ ਕਰਨ ਦੀ ਇਜਾਜਤ ਦੇ ਦਿਤੀ । ਸਤਿਗੁਰੂ ਜੀ ਰਾਵੀ 'ਤੇ ਇਸ਼ਨਾਨ ਕਰਨ ਗਏ । ਫਿਰ ਕਿਸੇ ਨੂੰ ਦਰਸ਼ਨ ਨਾ ਹੋਏ । ਸਤਿਗੁਰੂ

ਜੀ ਦਾ ਸ਼ਰੀਰ ਅਲੋਪ ਹੋ ਗਿਆ, ਹਾਕਮਾਂ ਨੂੰ ਲੱਭਾ ਨਹੀਂ ।

ਸਤਿਗੁਰੂ ਜੀ ਸੱਤ, ਧਰਮ ਅਤੇ ਬਚਨ ਪਾਲਣ ਹਿਤ ਸ਼ਹੀਦੀ ਪ੍ਰਾਪਤ ਕਰ ਲਈ ।

ਸ੍ਰੀ ਗੁਰੂ ਅਰਜਨ ਦੇਵ ਜੀ ਪਹਿਲੋਂ ਹੀ ਆਪਣੇ ਸਪੁੱਤਰ ਸ੍ਰੀ (ਗੁਰੂ) ਹਰਿਗੋਬਿੰਦ ਜੀ ਨੂੰ ਆਪਣਾ ਉਤਰਾਧਿਕਾਰੀ ਥਾਪੇ ਜਾਣ ਦਾ ਇਸ਼ਾਰਾ ਕਰ ਗਏ ਸਨ । ਜਿਸ ਵੇਲੇ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਨੇ ਦੇਹ ਦਾ ਓਹਲਾ ਕੀਤਾ, ਉਸੇ ਵੇਲੇ ਤੋਂ ਸ੍ਰੀ ਸਤਿਗੁਰੂ ਹਰਿਗੋਬਿੰਦ ਜੀ ਗੱਦੀ 'ਤੇ ਬਿਰਾਜਮਾਨ ਹੋ ਗਏ ਕਿਉਂਕਿ ਗੁਰ-ਗੱਦੀ ਇਕ ਮਿੰਟ ਲਈ ਵੀ ਖਾਲੀ ਨਹੀਂ ਰਹਿੰਦੀ ।

## ਛੇਵੀਂ ਪਾਤਸ਼ਾਹੀ

## ਸਤਿਗੁਰੂ ਹਰਿਗੋਬਿੰਦ ਜੀ



| | | |
|---|---|---|
| ਅਵਤਾਰ | : | ਹਾੜ ਵਦੀ ੬, ਸੰਮਤ ੧੬੫੨ ਬਿਕਰਮੀ ੧੪ ਜੂਨ ੧੫੯੫ ਈ. । |
| ਅਸਥਾਨ | : | ਗੁਰੂ ਦੀ ਵਡਾਲੀ (ਅੰਮ੍ਰਿਤਸਰ) |
| ਪਿਤਾ | : | ਸਤਿਗੁਰੂ ਅਰਜਨ ਦੇਵ ਜੀ । |
| ਮਾਤਾ | : | ਮਾਤਾ ਗੰਗਾ ਜੀ । |
| ਮਹਿਲ | : | ਨਾਨਕੀ ਜੀ, ਦਮੋਦਰੀ ਜੀ, ਮਹਾਂਦੇਵੀ ਜੀ । |
| ਸੰਤਾਨ | : | ਬਾਬਾ ਗੁਰਦਿੱਤਾ ਜੀ, ਬੀਬੀ ਵੀਰੋ ਜੀ, ਸ੍ਰੀ ਸੂਰਜਮੱਲ ਜੀ, ਸ੍ਰੀ ਅਣੀ ਰਾਇ ਜੀ, ਸ੍ਰੀ ਅਟੱਲ ਰਾਇ ਜੀ ਅਤੇ ਸ੍ਰੀ (ਗੁਰੂ) ਤੇਗ ਬਹਾਦਰ ਜੀ । |
| ਜੋਤੀ ਜੋਤ | : | ਚੇਤ ਸੁਦੀ ੫ ਸੰਮਤ ੧੭੦੧ ਬਿਕਰਮੀ ਕੀਰਤਪੁਰ ੧੬੪੪ ਈ. । |

## 'ਛੇਵੀਂ ਪਾਤਸ਼ਾਹੀ'
## ਸਾਖੀ– ੧
## (ਪ੍ਰਿਥੀਚੰਦ ਤੋਂ ਰੱਖਿਆ, ਸੱਪ ਲੜਾਇਆ)

ਸਤਿਗੁਰੂ ਹਰਿਗੋਬਿੰਦ ਜੀ ਦਾ ਪ੍ਰਕਾਸ਼ ਸਤਿਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੀ ਕੁੱਖੋਂ, ਪਿੰਡ ਗੁਰੂ ਦੀ ਵਡਾਲੀ ਵਿੱਚ ਹੋਇਆ । ਜਿਥੇ ਸਾਧ ਸੰਗਤ, ਗੁਰੂ ਘਰ ਵਿੱਚ ਖੁਸ਼ੀ ਹੋਈ, ਉਥੇ ਸਤਿਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀਚੰਦ ਅਤੇ ਉਸਦੀ ਘਰਵਾਲੀ ਰਾਮੋ ਨੂੰ ਦੁੱਖ ਹੋਇਆ ਕਿਉਂਕਿ ਪ੍ਰਿਥੀਏ ਦੀ ਗੁਰਗੱਦੀ ਪਾਉਣ ਦੀ ਮੰਸ਼ਾ ਤੇ ਪਾਣੀ ਫਿਰ ਗਿਆ ਸੀ ।ਪ੍ਰਿਥੀਚੰਦ ਨੇ ਸਤਿਗੁਰੂ ਹਰਿ ਗੋਬਿੰਦ ਜੀ ਨੂੰ ਮਾਰਨ ਵਾਸਤੇ ਕਈ ਜਾਦੂ-ਟੂਣੇ, ਜਹਿਰ ਦੇਣਾ ਆਦਿ ਘਟੀਆ ਚਾਲਾਂ ਚੱਲੀਆਂ ਪਰ ਅਕਾਲ ਪੁਰਖ ਵਲੋਂ ਰੱਖਿਆ ਹੋਈ ।

ਫਿਰ ਇਕ ਵਾਰ ਸਮਾਧੇ ਦੇ ਹੱਥੋਂ ਗੁਰੂ ਜੀ ਕੋਲ ਇਕ ਵਿਸ਼ੈਲਾ ਸੱਪ ਛੱਡ ਦਿਤਾ, ਜਿਸ ਨੂੰ ਸਿਰੀ ਤੋਂ ਫੜ ਕੇ ਸਤਿਗੁਰੂ ਹਰਿਗੋਬਿੰਦ ਜੀ ਨੇ ਜਮੀਨ ਤੇ ਰਗੜ ਕੇ, ਫੇਂਹ ਕੇ ਮਾਰ ਦਿਤਾ ।

## 'ਛੇਵੀਂ ਪਾਤਸ਼ਾਹੀ'
## ਸਾਖੀ- ੨
## (ਜੀਵਨ)

ਸਤਿਗੁਰੂ ਹਰਿਗੋਬਿੰਦ ਜੀ ਦੇ ਪਿਤਾ ਸਤਿਗੁਰੂ ਅਰਜਨ ਦੇਵ ਜੀ ਸਨ ਅਤੇ ਮਾਤਾ ਗੰਗਾ ਜੀ । ਆਪ ਜੀ ਬੜੇ ਸੂਰਮੇ, ਸੁੰਦਰ, ਤਲਵਾਰ ਦੇ ਧਨੀ ਅਤੇ ਨਾਮ ਬਾਣੀ ਦੇ ਰਸੀਏ ਸਨ । ਜਦੋਂ ਇਹਨਾਂ ਨੂੰ ਗੁਰ-ਗੱਦੀ ਮਿਲਣ ਦਾ ਸਮਾਂ ਆਇਆ ਤਾਂ ਬਜਾਇ ਸਿਹਲੀ ਟੋਪੀ ਦੇ ਬਾਬਾ ਬੁੱਢਾ ਜੀ ਨੂੰ ਤਲਵਾਰ ਪਹਿਨਾਉਣ ਵਾਸਤੇ ਕਿਹਾ । ਬਾਬਾ ਕੀ ਜਾਣੇ ਤਲਵਾਰ । ਉਹਨਾਂ ਤਲਵਾਰ ਸੱਜੇ ਪਾਸੇ ਪਾ ਦਿਤੀ । ਸਤਿਗੁਰੂ ਜੀ ਕਹਿਣ ਲੱਗੇ, "ਉਹੋ ! ਬਾਬਾ ਜੀ ਇਹ ਤਾਂ ਖੱਬੇ ਪਾਸੇ ਪਾਉਣੀ ਸੀ" । ਬਾਬਾ ਜੀ ਬਦਲ ਕੇ ਦੂਜੇ ਪਾਸੇ ਪਾਉਣ ਲੱਗੇ ਤਾਂ ਸਤਿਗੁਰੂ ਜੀ ਬਚਨ ਕੀਤਾ, "ਬਾਬਾ ਜੀ, ਇਹ ਇਧਰ ਹੀ ਰਹਿਣ ਦਿਉ, ਇਕ ਹੋਰ ਲੈ ਆਉ। ਇਹ ਮੀਰੀ ਦੀ ਹੋ ਗਈ ਅਤੇ ਇਕ ਪੀਰੀ ਦੀ ਲੈ ਆਉ" ।

ਜਦੋਂ ਆਪ ਤਖਤ 'ਤੇ ਬੈਠੇ ਤਾਂ ਹੁਕਮ ਜਾਰੀ ਕਰ ਦਿਤਾ ਕਿ ਜਿਹੜਾ ਸਿੱਖ ਘੋੜਾ-ਸ਼ਸਤਰ ਲੈ ਕੇ ਆਵੇਗਾ, ਉਸ ਨੂੰ ਗੁਰੂ ਨਾਨਕ ਦੀਆਂ ਖੁਸ਼ੀਆਂ ਮਿਲਣਗੀਆਂ । ਸਿੱਖ ਲਗੇ ਅਸਤਰ-ਸ਼ਸਤਰ ਲਿਆਉਣ ਅਤੇ ਸੇਵਾ ਦੇ ਨਾਲ-ਨਾਲ ਸ਼ਸਤਰ ਵਿਦਿਆ ਵੀ ਸਿੱਖਣ ਲਗੇ । ਢਾਡੀ ਵੀ ਸੂਰਮਿਆਂ ਦੀਆਂ ਵਾਰਾਂ ਪੜ੍ਹਦੇ । ਇਹ ਵਾਰਾਂ ਸੁਣ-ਸੁਣ ਕੇ ਅਨੇਕਾਂ ਲੋਕ ਹੀ ਸਤਿਗੁਰੂ ਜੀ ਦੀ ਫੌਜ ਵਿੱਚ ਸ਼ਾਮਲ ਹੋ ਗਏ । ਸਤਿਗੁਰੂ ਜੀ ਵਲੋਂ ਮੁਕੱਦਮਿਆਂ ਦੇ ਫੈਸਲੇ ਕਰਨ ਲਈ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉੜੀ ਦੇ ਸਾਹਮਣੇ 'ਅਕਾਲ ਤਖਤ' ਦਾ ਨਿਰਮਾਣ ਕੀਤਾ ਗਿਆ । ਇਹ ਸੰਗਤ ਦੇ ਝਗੜਿਆਂ ਦਾ ਫੈਸਲਾ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰਦੇ ।ਇਸੇ ਕਰਕੇ ਇਹਨਾਂ ਨੂੰ ਸੱਚੇ ਪਾਤਸ਼ਾਹ ਕਰਕੇ ਪੁਕਾਰਿਆ ਜਾਣ ਲੱਗਾ । ਸਤਿਗੁਰੂ ਜੀ ਦਾ ਕਮਰਕੱਸਾ ਸਵਾ ਮਣ ਦਾ ਸੀ । ਅੰਮ੍ਰਿਤਸਰ ਵਿੱਚ ਸੁਰੱਖਿਆ ਤੇ ਮਜਬੂਤੀ ਲਈ 'ਲੋਹਗੜ੍ਹ' ਨਾਮੀ ਕਿਲਾ ਉਸਾਰਿਆ ।

# 'ਛੇਵੀਂ ਪਾਤਸ਼ਾਹੀ'
# ਸਾਖੀ- ੩
# (ਬੰਦੀ-ਛੋੜ)

ਇਕ ਵਾਰ ਬਾਦਸ਼ਾਹ ਜਹਾਂਗੀਰ ਸਤਿਗੁਰੂ ਜੀ ਨੂੰ ਆਪਣੇ ਨਾਲ ਸ਼ਿਕਾਰ 'ਤੇ ਲੈ ਗਿਆ । ਸਤਿਗੁਰੂ ਜੀ ਨੇ ਸ਼ੇਰ ਨੂੰ ਇਕੱਲਿਆਂ ਹੀ ਮਾਰ ਮੁਕਾਇਆ । ਪਰ ਚੰਦੂ ਨੂੰ ਇਹ ਠੀਕ ਨਾ ਲੱਗਾ ।

ਜਹਾਂਗੀਰ ਨੇ ਸੋਚਿਆ ਸੀ ਕਿ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਨਾਨਕ ਦੀ ਗੱਦੀ ਬੰਦ ਹੋ ਜਾਵੇਗੀ ਪਰ ਸ੍ਰੀ ਸਤਿਗੁਰੂ ਹਰਿ ਗੋਬਿੰਦ ਜੀ ਦੀ ਕਿਰਪਾ ਨਾਲ ਸਿੱਖਾਂ ਦਾ ਬਦਲਦਾ ਰੂਪ ਵੇਖ ਕੇ ਉਹ ਹੈਰਾਨ ਰਹਿ ਗਿਆ । ਉਸ ਨੇ ਚੰਦੂ ਨਾਲ ਰਲ ਕੇ ਸਤਿਗੁਰੂ ਜੀ ਨੂੰ ਕਿਸੇ ਬਹਾਨੇ ਗਵਾਲੀਅਰ ਦੇ ਕਿਲੇ ਵਿੱਚ ਬੰਦ ਕਰ ਦਿਤਾ । ਉਸ ਕਿਲੇ ਵਿੱਚ ਕਈ ਰਾਜੇ ਵੀ ਕੈਦ ਸਨ । ਸਤਿਗੁਰੂ ਜੀ ਕਿਲੇ ਵਿੱਚ ਵੀ ਸ਼ਬਦ-ਕੀਰਤਨ ਦੀ ਗੰਗਾ ਵਹਾ ਦਿਤੀ । ਸਾਰੇ ਰਾਜੇ ਉਹਨਾਂ ਦੇ ਮੁਰੀਦ ਹੋ ਗਏ ਅਤੇ ਲੱਗੇ ਸਤਿਗੁਰੂ ਜੀ ਦਾ ਜੱਸ ਕਰਨ ।

ਜੋਤਸ਼ੀਆਂ ਜਹਾਂਗੀਰ ਨੂੰ ਸਲਾਹ ਦਿਤੀ ਕਿ ਸਤਿਗੁਰੂ ਜੀ ਨੂੰ ਕੈਦ ਵਿਚੋਂ ਕੱਢੋ । ਜਦੋਂ ਸਤਿਗੁਰੂ ਜੀ ਨੂੰ ਬਾਹਰ ਕੱਢਣ ਦਾ ਹੁਕਮ ਹੋਇਆ ਤਾਂ ਆਪ ਜੀ ਨੇ ਇਨਕਾਰ ਕਰ ਦਿਤਾ ਅਤੇ ਕਿਹਾ ਕਿ ਜਦ ਤਕ ਬਾਕੀ ਰਾਜਿਆ ਨੂੰ ਨਹੀਂ ਕੱਢਦੇ, ਅਸੀਂ ਨਹੀਂ ਜਾਵਾਂਗੇ। ਅਖੀਰ ਫੈਸਲਾ ਇਹ ਹੋਇਆ ਕਿ ਜਿਹੜਾ ਸਤਿਗੁਰੂ ਜੀ ਦਾ ਪੱਲਾ ਫੜ੍ਹ ਲਵੇਗਾ, ਉਹ ਬਾਹਰ ਚਲਾ ਜਾਵੇਗਾ ।

ਸਤਿਗੁਰੂ ਜੀ ਨੇ ਇਕ ਵੱਡਾ ਸਾਰਾ ਚੋਗਾ ਬਵੰਜਾ ਕਲੀਆਂ ਵਾਲਾ ਸਵਾਂ ਲਿਆ । ਸਾਰੇ ਰਾਜਿਆਂ ਨੇ ਇਕ-ਇਕ ਕਲੀ ਫੜ੍ਹ ਲਈ ਅਤੇ ਕਿਲੇ ਵਿਚੋਂ ਬਾਹਰ ਆ ਗਏ । ਉਸੇ ਵੇਲੇ ਤੋਂ ਸਤਿਗੁਰੂ ਜੀ ਨੂੰ "ਬੰਦੀ-ਛੋੜ" ਕਹਿਕੇ ਪੁਕਾਰਿਆ ਜਾਣ ਲੱਗਾ । ਸਤਿਗੁਰੂ ਜੀ ਜਦ ਸ੍ਰੀ ਅੰਮ੍ਰਿਤਸਰ ਪੁੱਜੇ ਤਾਂ ਸ਼ਹਿਰ ਵਿਚ ਆਪ ਜੀ ਦੇ ਆਉਣ ਦੀ ਖੁਸ਼ੀ ਵਿੱਚ ਦੀਪ ਮਾਲਾ ਕੀਤੀ ਗਈ । ਦਿਵਾਲੀ ਮਨਾਈ ਗਈ ।

# 'ਛੇਵੀਂ ਪਾਤਸ਼ਾਹੀ'
# ਸਾਖੀ- ੪
# (ਪ੍ਰੇਮ ਦੇ ਪਰਸ਼ਾਦੇ)

ਇਕ ਵਾਰ ਇਕ ਗਰੀਬ ਸਿੱਖ ਨੇ ਆਪਣੀ ਪਤਨੀ ਨਾਲ ਸਲਾਹ ਕੀਤੀ ਕਿ ਸਤਿਗੁਰੂ ਜੀ ਨੂੰ ਲੰਗਰ ਛਕਾਈਏ । ਉਹ ਕਹਿੰਦੀ ਏ, "ਹੇ ਪਤੀ ਦੇਵ । ਸਤਿਗੁਰੂ ਜੀ ਪਾਤਸ਼ਾਹਾਂ ਦਾ ਪਾਤਸ਼ਾਹ । ਅਸੀ ਗਰੀਬ ਹਾਂ । ਉਹਨਾਂ ਦੀ ਝਾਲ ਨਹੀਂ ਝੱਲ ਸਕਦੇ । ਅਸੀਂ ਬਹੁਤ ਮਾੜੇ ਹਾਂ । ਸਤਿਗੁਰੂ ਜੀ ਸਾਡੇ ਘਰੋਂ ਕਿਵੇਂ ਪ੍ਰਸ਼ਾਦਾ ਛਕਣਗੇ ।

ਉਹ ਸਿੱਖ ਕਹਿੰਦਾ ਹੈ ਕਿ ਸਤਿਗੁਰੂ ਜੀ ਠੀਕ ਹੀ ਰਾਜਿਆਂ ਦੇ ਰਾਜੇ ਹਨ ਪਰ ਉਹ ਗਰੀਬ ਨਿਵਾਜ ਹਨ । ਉਹ ਬਖਤਾਵਰ ਨਿਵਾਜ ਨਹੀਂ । ਤੂੰ ਤਗੜੀ ਹੋ, ਸਤਿਗੁਰੂ ਜੀ ਕਿਰਪਾ ਕਰਨਗੇ । ਉਸ ਸਤਿ-ਬਚਨ ਕਹਿ ਦਿਤਾ । ਸਿੱਖ ਨੇ ਸਾਰਾ ਦਿਨ ਭਜਨ ਕਰਦਿਆਂ ਕਾਰ ਕੀਤੀ ਅਤੇ ਮਾਈ ਨੇ ਭਜਨ-ਬਾਣੀ ਕਰਦਿਆਂ ਆਟਾ ਪੀਸਿਆਂ ਅਤੇ ਬੜੇ ਪ੍ਰੇਮ ਨਾਲ ਮਿੱਸੇ ਪ੍ਰਸ਼ਾਦੇ ਤਿਆਰ ਕੀਤੇ ।

ਸਤਿਗੁਰੂ ਜੀ ਜਾਣੀ-ਜਾਣ, ਸਭ ਦੇ ਦਿਲਾਂ ਦੀਆਂ ਜਾਨਣ ਵਾਲੇ, ਸਭ ਦੀਆਂ ਮੁਰਾਦਾਂ ਪੂਰੀਆਂ ਕਰਨ ਵਾਲੇ, ਘੋੜੇ 'ਤੇ ਸਵਾਰ ਹੋ, ਆਪਣੇ ਕੁਝ ਸਿੱਖਾਂ ਨੂੰ ਨਾਲ ਲੈ ਕੇ ਉਸ ਕਿਰਤੀ ਸਿੱਖ ਦੇ ਘਰ ਜਾ ਚਰਨ ਪਾਏ । ਉਹ ਦੋਵੇਂ ਜੀਅ ਨਿਹਾਲ ਹੋ ਗਏ । ਸਤਿਗੁਰੂ ਜੀ ਬਚਨ ਕੀਤਾ, "ਬੜੀ ਭੁੱਖ ਲਗੀ ਏ, ਪ੍ਰਸ਼ਾਦਾ ਛਕਾਉ" । ਮਾਈ ਨੇ ਚਿੱਟਾ ਆਸਣ ਵਿਛਾਇਆ, ਚਰਨ ਧੋਤੇ ਅਤੇ ਮਿੱਸੇ ਪ੍ਰਸ਼ਾਦੇ, ਨਾਲ ਮੱਖਣ, ਇਕ ਛੰਨਾਂ ਲੱਸੀ ਦਾ ਲਿਆ ਹਾਜ਼ਰ ਕੀਤਾ । ਸਤਿਗੁਰੂ ਜੀ ਨੇ ਬੜੇ ਪ੍ਰੇਮ ਨਾਲ ਪ੍ਰਸ਼ਾਦ ਛਕਿਆ ਅਤੇ ਖੁਸ਼ੀਆਂ ਬਖਸ਼ਦੇ ਸ੍ਰੀ ਅੰਮ੍ਰਿਤਸਰ ਨੂੰ ਆ ਗਏ ।

## ਸੱਤਵੀਂ ਪਾਤਸ਼ਾਹੀ

## (ਸਤਿਗੁਰੂ ਹਰਿ ਰਾਇ ਜੀ)



| | | |
|---|---|---|
| **ਅਵਤਾਰ** | : | ਮਾਘ ਸੁਦੀ ੧੩ ਸੰਮਤ ੧੬੮੬ ਬਿਕਰਮੀ ੨੬ ਫਰਵਰੀ ੧੬੩0 ਈ. । |
| **ਅਸਥਾਨ** | : | ਕੀਰਤਪੁਰ (ਰੋਪੜ) |
| **ਪਿਤਾ** | : | ਬਾਬਾ ਗੁਰਦਿੱਤਾ ਜੀ |
| **ਮਾਤਾ** | : | ਮਾਤਾ ਨਿਹਾਲ ਕੌਰ ਜੀ |
| **ਸੰਤਾਨ** | : | ਸ੍ਰੀ ਰਾਮ ਰਾਇ ਜੀ, ਸ੍ਰੀ (ਗੁਰੂ) ਹਰਿ ਕ੍ਰਿਸ਼ਨ ਜੀ । |
| **ਜੋਤੀ ਜੋਤ** | : | ਕੱਤਕ ਵਦੀ ੯ ਸੰਮਤ ੧੭੧੮ ਬਿਕਰਮੀ, ਕੀਰਤਪੁਰ ੧੬੬੧ ਈ. । |

# 'ਸੱਤਵੀਂ ਪਾਤਸ਼ਾਹੀ'
## ਸਾਖੀ– ੧
## (ਰਾਮ ਰਾਇ ਤੇ ਕੋਪ)

ਔਰੰਗਜ਼ੇਬ ਕੱਟੜ ਮੁਸਲਮਾਨ ਸੀ ਅਤੇ ਮੁਸਲਮਾਨਾਂ ਤੋਂ ਬਿਨਾਂ ਹੋਰ ਕਿਸੇ ਨੂੰ ਵੇਖਣਾ ਨਹੀਂ ਸੀ ਚਾਹੁੰਦਾ । ਉਸ ਨੇ ਸਤਿਗੁਰੂ ਹਰਿ ਰਾਇ ਜੀ ਨੂੰ ਇਸਲਾਮ ਕਬੂਲ ਕਰਨ ਵਾਸਤੇ ਬਹਾਨੇ ਨਾਲ ਦਿੱਲੀ ਸੱਦਿਆ । ਜਾਣੀ ਜਾਣ ਸਤਿਗੁਰੂ ਜੀ ਆਪ ਨਾ ਗਏ, ਆਪਣੇ ਵੱਡੇ ਪੁੱਤਰ ਰਾਮ ਰਾਇ ਨੂੰ ਸ਼ਕਤੀ ਦੇ ਕੇ ਭੇਜਿਆ ।

ਰਾਮ ਰਾਇ ਜੀ ਨੇ ਸਤਿਗੁਰੂ ਜੀ ਦੀ ਬਖਸ਼ੀ ਸ਼ਕਤੀ ਦੁਆਰਾ ੭੨ ਕਰਾਮਾਤਾਂ ਵਿਖਾਈਆਂ ਅਤੇ ਬਾਦਸ਼ਾਹ ਦੇ ਮਨ ਨੂੰ ਜਿੱਤ ਲਿਆ। ਇਕ ਦਿਨ ਬਾਦਸ਼ਾਹ ਨੇ ਪੁੱਛਿਆ, "ਰਾਮ ਰਾਇ! ਗ੍ਰੰਥ ਸਾਹਿਬ ਵਿੱਚ ਲਿਖਿਆ ਹੈ ਕਿ ਮਿੱਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥ ਇਸ ਦਾ ਕੀ ਅਰਥ ਹੈ?" ਰਾਮ ਰਾਇ ਡਰ ਗਿਆ ਅਤੇ ਕਿਹਾ, "ਨਹੀਂ ਹਜ਼ੂਰ, ਗ੍ਰੰਥ ਸਾਹਿਬ ਵਿੱਚ ਮਿੱਟੀ ਬੇਈਮਾਨ ਕੀ ਪੇੜੈ ਪਈ ਕੁਮ੍ਹਿਆਰ, ਲਿਖਿਆ ਹੈ"।

ਜਦ ਸਤਿਗੁਰੂ ਜੀ ਨੂੰ ਇਸ ਕਮਜ਼ੋਰੀ ਦਾ ਪਤਾ ਲੱਗਾ ਤਾਂ ਆਪ ਬੜੇ ਨਰਾਜ਼ ਹੋਏ ਅਤੇ ਹੁਕਮ ਜਾਰੀ ਕਰ ਦਿਤਾ ਕਿ ਕੋਈ ਰਾਮ ਰਾਇ ਨੂੰ ਮੂੰਹ ਨਾ ਲਾਵੇ । ਰਾਮ ਰਾਇ ਬੜਾ ਸ਼ਰਮਸਾਰ ਹੋਇਆ ਅਤੇ ਸਤਿਗੁਰੂ ਜੀ ਪਾਸ ਆਇਆ । ਸਤਿਗੁਰੂ ਜੀ ਬੜੇ ਗੁੱਸੇ ਨਾਲ ਕਿਹਾ, "ਪਾਪੀਆ, ਮੇਰੇ ਮੱਥੇ ਨਾ ਲੱਗੀਂ । ਜਿਧਰ ਤੇਰਾ ਮੂੰਹ ਹੈ, ਉਧਰ ਚਲਾ ਜਾਹ"। ਰਾਮ ਰਾਇ ਨੇ ਪੰਜਾਬ ਛੱਡ ਦਿਤਾ ਅਤੇ ਕਦੀ ਸਤਿਗੁਰੂ ਜੀ ਦੇ ਮੱਥੇ ਨਾ ਲਗਾ ।

# 'ਸੱਤਵੀਂ ਪਾਤਸ਼ਾਹੀ'
## ਸਾਖੀ- ੨
## (ਭਾਈ ਗੋਂਦਾ)

ਕਾਬਲ ਵਿੱਚ ਭਾਈ ਗੋਂਦਾ ਗੁਰੂ ਹਰਿ ਰਾਇ ਜੀ ਦਾ ਪ੍ਰੇਮੀ ਸਿੱਖ ਰਹਿੰਦਾ ਸੀ । ਉਹ ਰੋਜ਼ ਸਵੇਰੇ ਇਸ਼ਨਾਨ ਕਰ ਕੇ ਭਗਤੀ ਕਰਦਾ ਹੁੰਦਾ ਸੀ । ਇਕ ਦਿਨ ਇਸ਼ਨਾਨ ਕਰ ਕੇ ਅੰਤਰ ਧਿਆਨ ਹੋ ਗਿਆ ਅਤੇ ਧਿਆਨ ਵਿੱਚ ਹੋ ਕੇ ਪ੍ਰੇਮ ਨਾਲ ਗੁਰੂ ਹਰਿ ਰਾਇ ਜੀ ਦੇ ਚਰਨ ਫੜ੍ਹ ਲਏ, ਸਮਾਧੀ ਲੱਗ ਗਈ ।

ਉਧਰ ਕੀਰਤਪੁਰ ਸਤਿਗੁਰੂ ਜੀ ਆਸਾ ਦੀ ਵਾਰ ਦਾ ਕੀਰਤਨ ਸੁਣ ਰਹੇ ਸੀ । ਆਸਾ ਦੀ ਵਾਰ ਦਾ ਭੋਗ ਪੈ ਗਿਆ । ਭੋਗ ਤੋਂ ਬਾਅਦ ਵੀ ਸਤਿਗੁਰੂ ਜੀ ਉੱਠੇ ਨਾ, ਬੈਠੇ ਰਹੇ । ਦਿਨ ਚੜ੍ਹ ਆਇਆ । ਸੇਵਕ ਆ-ਆ ਕੇ ਜਲ-ਪਾਣੀ, ਪ੍ਰਸ਼ਾਦ ਛਕਣ ਦੀ ਅਰਜ ਕਰਨ ਪਰ ਸਤਿਗੁਰੂ ਜੀ ਉੱਠਣ ਹੀ ਨਾ ।

ਅੰਤ ਸ਼ਾਮ ਹੋ ਗਈ । ਸਤਿਗੁਰੂ ਜੀ ਭੁੱਖੇ-ਤਿਹਾਏ ਬੈਠੇ ਰਹੇ । ਆਖਰ ਸ਼ਾਮ ਨੂੰ ਭਾਈ ਗੋਂਦਾ ਜਦੋਂ ਸਮਾਧੀ ਤੋਂ ਉਪਰਾਮ ਹੋਇਆ, ਸਤਿਗੁਰੂ ਜੀ ਦੇ ਚਰਨ ਛੱਡੇ ਤਾਂ ਸਤਿਗੁਰੂ ਜੀ ਉੱਠੇ । ਸਿੱਖਾਂ ਪੁੱਛਿਆ ਤਾਂ ਸਤਿਗੁਰੂ ਜੀ ਬਚਨ ਕੀਤਾ, "ਕਾਬਲ ਵਿੱਚ ਭਾਈ ਗੋਂਦਾ ਸਮਾਧੀ ਵਿੱਚ ਮੇਰੇ ਚਰਨ ਫੜ੍ਹੀ ਬੈਠਾ ਸੀ, ਕਿਵੇਂ ਉੱਠਦਾ"।

ਸਾਡੀ ਵੀ ਸਤਿਗੁਰੂ ਜੀ ਦੇ ਚਰਨਾਂ ਨਾਲ ਇਹੋ ਜਿਹੀ ਪ੍ਰੀਤ ਹੋਣੀ ਚਾਹੀਦੀ ਹੈ ।

## ਅੱਠਵੀਂ ਪਾਤਸ਼ਾਹੀ
## (ਸਤਿਗੁਰੂ ਹਰਿਕ੍ਰਿਸ਼ਨ ਜੀ)



| | | |
|---|---|---|
| ਅਵਤਾਰ | : | ਸਾਵਨ ਵਦੀ ੧0 ਸੰਮਤ ੧੭੧੩ ਬਿਕਰਮੀ ੭ ਜੁਲਾਈ ੧੬੫੬ ਈ. । |
| ਅਸਥਾਨ | : | ਕੀਰਤਪੁਰ, ਰੋਪੜ |
| ਪਿਤਾ | : | ਸਤਿਗੁਰੂ ਹਰਿ ਰਾਇ ਜੀ |
| ਮਾਤਾ | : | ਮਾਤਾ ਕ੍ਰਿਸ਼ਨ ਕੌਰ ਜੀ |
| ਜੋਤੀ ਜੋਤ | : | ਚੇਤ ਸੁਦੀ ਚੌਦਸ ਸੰਮਤ ੧੭੨੧ ਬਿਕਰਮੀ ਗੁ: ਬਾਲਾ ਸਾਹਿਬ, ਦਿੱਲੀ ੧੬੬੪ ਈ. । |

## 'ਅੱਠਵੀਂ ਪਾਤਸ਼ਾਹੀ'
## ਸਾਖੀ- ੧
## (ਕੋਹੜੀ ਦਾ ਕੋਹੜ ਦੂਰ ਕਰਨਾ)

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਅਵਤਾਰ ਕੀਰਤਪੁਰ ਸ੍ਰੀ ਸਤਿਗੁਰੂ ਹਰਿ ਰਾਇ ਜੀ ਅਤੇ ਮਾਤਾ ਕ੍ਰਿਸ਼ਨ ਕੌਰ ਜੀ ਦੇ ਘਰ ਹੋਇਆ । ਆਪ ਜੀ ਦਾ ਮੁੱਖ-ਮੰਡਲ ਜਨਮ ਸਮੇਂ ਤੋਂ ਹੀ ਪ੍ਰਕਾਸ਼ਮਾਨ ਸੀ । ਸਦਾ ਹਸੂੰ-ਹਸੂੰ ਕਰਦੇ ਰਹਿਣਾ । ਚਿਹਰੇ ਤੇ ਮੁਸਕਾਨ ਬਿਖਰੀ ਰਹਿੰਦੀ ਸੀ । ਸਦਾ ਸ਼ਾਂਤ ਚਿੱਤ, ਸਹਿਜ ਅਵਸਥਾ ਵਿੱਚ ਰਹਿਣਾ । ਨਾ ਕਦੇ ਰੋਣਾ ਨਾ ਕਦੇ ਜਿਦ ਕਰਨੀ ।

ਆਪ ਜੀ ਛੋਟੀ ਉੱਮਰ ਵਿੱਚ ਗੁਰਗੱਦੀ ਤੇ ਬਿਰਾਜਮਾਨ ਹੋਏ ਸਨ ਪਰ ਪਹਿਲੇ ਗੁਰੂ ਸਾਹਿਬਾਂ ਵਾਂਗ ਹੀ ਨਿੱਤ ਕਰਮ ਅਨੁਸਾਰ ਕਥਾ-ਕੀਰਤਨ, ਨਾਮ ਬਾਣੀ ਦਾ ਪ੍ਰਵਾਹ ਚਲਦਾ । ਸੰਗਤਾਂ ਨੂੰ ਉਪਦੇਸ਼ ਦੇਂਦੇ । ਦਰਸ਼ਨ ਕਰਨ ਆਉਂਦੀਆਂ ਸੰਗਤਾਂ ਦੀਆਂ ਮਨੋ-ਚਿਤਵੀਆਂ ਭਾਵਨਾਂ ਪੂਰੀਆਂ ਕਰਦੇ । ਆਪ ਜੀ ਮਨੁੱਖੀ ਆਯੂ ਅਨੁਸਾਰ ਭਾਵੇਂ ਸਾਢੇ ਪੰਜ ਸਾਲ ਦੇ ਸਨ, ਪਰ ਸ਼ਕਤੀ ਸਾਲਾਂ ਵਿੱਚ ਨਹੀਂ ਹੁੰਦੀ । ਆਪ ਜੀ ਦੇ ਦਰਸ਼ਨ ਕਰਕੇ ਕੋਹੜੀ ਵੀ ਨੌਂ-ਬਰ-ਨੌਂ ਹੋ ਗਏ ਸਨ ।

ਇਕ ਦਿਨ ਪਾਲਕੀ ਵਿੱਚ ਬੈਠ ਕੇ ਆਪ ਜੀ ਬਾਹਰ ਸੈਰ ਕਰਨ ਜਾ ਰਹੇ ਸਨ । ਇਕ ਕੋਹੜ ਦਾ ਰੋਗੀ ਬ੍ਰਾਹਮਣ ਆਪ ਜੀ ਸਾਂਹਵੇ ਆ ਕੇ ਰੋਣ ਲੱਗਾ ਅਤੇ ਕੋਹੜ ਦੂਰ ਕਰਨ ਦੀ ਬੇਨਤੀ ਕੀਤੀ । ਆਪ ਜੀ ਪਾਲਕੀ ਤੋਂ ਉਤਰੇ, ਜੇਬ ਵਿਚੋਂ ਰੁਮਾਲ ਕੱਢ ਕੇ ਉਸਨੂੰ ਦਿਤਾ ਅਤੇ ਹੁਕਮ ਕੀਤਾ, "ਇਹ ਆਪਣੇ ਪਿੰਡੇ ਤੇ ਫੇਰਿਆ ਕਰ । ਰੁਮਾਲ ਪਿੰਡੇ ਤੇ ਫੇਰਨ ਨਾਲ ਉਸਦਾ ਕੋਹੜ ਦੂਰ ਹੋ ਗਿਆ । ਉਹ ਧੰਨ ਧੰਨ ਕਰ ਉੱਠਿਆ ।

## 'ਅੱਠਵੀਂ ਪਾਤਸ਼ਾਹੀ'
## ਸਾਖੀ- ੨
## (ਗੁੰਗੇ ਤੋਂ ਗੀਤਾ ਦੇ ਅਰਥ ਕਰਵਾਉਣੇ)

ਸ੍ਰੀ ਸਤਿਗੁਰੂ ਹਰਿਕ੍ਰਿਸ਼ਨ ਜੀ ਔਰੰਗਜ਼ੇਬ ਦੇ ਸੱਦੇ ਤੇ ਕੀਰਤਪੁਰ ਤੋਂ ਦਿੱਲੀ ਜਾ ਰਹੇ ਸਨ । ਜਿਲ੍ਹਾ ਅੰਬਾਲਾ ਦੇ ਪਿੰਡ ਪੰਜੋਖਰੇ ਵਿੱਚ ਡੇਰਾ ਕੀਤਾ । ਰਾਤ ਪੈਣ ਤੇ ਉਥੋਂ ਦਾ ਰਹਿਣ ਵਾਲੇ ਇਕ ਹੰਕਾਰੀ ਬ੍ਰਾਹਮਣ ਲਾਲ ਚੰਦ ਗੁਰੂ ਜੀ ਕੋਲ ਆ ਕੇ ਕਹਿਣ ਲੱਗਾ ਕਿ ਇਕ ਤਾਂ ਤੁਸੀਂ ਛੋਟੀ ਉਮਰ ਵਿਚ ਗੁਰੂ ਬਣੀ ਬੈਠੇ ਹੋ, ਦੂਸਰਾ ਤੁਸਾਂ ਭਗਵਾਨ ਕ੍ਰਿਸ਼ਨ ਤੋਂ ਵੀ ਵੱਡਾ ਨਾਂ ਹਰਿਕ੍ਰਿਸ਼ਨ ਰੱਖਿਆ ਹੈ । ਉਇ ਹਰਿ ਕ੍ਰਿਸ਼ਨ, ਭਗਵਾਨ ਕ੍ਰਿਸ਼ਨ ਨੇ ਗੀਤਾ ਰਚੀ, ਤੂੰ ਉਹਨਾਂ ਨਾਲੋਂ ਵੀ ਆਪਣੇ ਆਪ ਨੂੰ ਵੱਡਾ ਸਮਝਦਾ ਹੈਂ । ਮੈਂ ਤੈਨੂੰ ਤਾਂ ਹੀ ਮੰਨਾਂਗਾ ਜੇ ਗੀਤਾ ਦੇ ਸਲੋਕਾਂ ਦਾ ਅਰਥ ਕਰ ਕੇ ਦੱਸੇਂ । ਸਤਿਗੁਰੂ ਜੀ ਬਚਨ ਕੀਤਾ, "ਤੁਸੀ ਇਕ ਮੂਹੜ ਆਦਮੀ ਨੂੰ ਲੈ ਆਉ, ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਉਸ ਤੋਂ ਵੀ ਅਰਥ ਕਰਾ ਦੇਵਾਂਗੇ ।"

ਉਹ ਪਿੰਡ ਦੇ ਝੀਵਰ ਦੇ ਗੁੰਗੇ ਬੋਲੇ ਛੱਜੂ ਨਾਮ ਦੇ ਲੜਕੇ ਨੂੰ ਲੈ ਆਇਆ । ਸਤਿਗੁਰੂ ਜੀ ਨੇ ਆਪਣੀ ਆਤਮਕ ਸ਼ਕਤੀ ਨਾਲ ਉਸ ਗੁੰਗੇ ਦੇ ਸਿਰ ਤੇ ਆਪਣੀ ਛੜੀ ਰੱਖ ਦਿਤੀ ਅਤੇ ਗੀਤਾ ਦੇ ਅਰਥ ਕਰਾ ਦਿਤੇ । ਪੰਡਤ ਜਿਹੜਾ ਵੀ ਸਲੋਕ ਪੜ੍ਹੇ ਉਹ ਉਸ ਦੇ ਹੀ ਅਰਥ ਕਰੀ ਜਾਵੇ । ਉਸ ਉੱਤੇ ਇਤਨੀ ਕਿਰਪਾ ਕੀਤੀ ਕਿ ਉਸ ਦਾ ਗੁੰਗਾ, ਬੋਲਾਪਨ ਦੂਰ ਕਰ ਦਿਤਾ ।

ਇਹ ਕੌਤਕ ਵੇਖ ਕੇ ਲਾਲ ਚੰਦ ਦਾ ਹੰਕਾਰ ਟੁੱਟ ਗਿਆ ਅਤੇ ਉਹ ਸਤਿਗੁਰੂ ਜੀ ਦੇ ਚਰਨੀਂ ਲੱਗਾ ਤੇ ਸਿੱਖ ਬਣ ਗਿਆ ।

## ‘ਅੱਠਵੀਂ ਪਾਤਸ਼ਾਹੀ’
## ਸਾਖੀ– ੩
## (ਦਿੱਲੀ ਵਿਚੋਂ ਹੈਜੇ ਦਾ ਰੋਗ ਦੂਰ ਕਰਨਾ)

ਜਦੋਂ ਸਤਿਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਪਹੁੰਚੇ ਤਾਂ ਉਹਨਾਂ ਦਾ ਡੇਰਾ ਔਰੰਗਜ਼ੇਬ ਦੇ ਜਰਨੈਲ ਰਾਜਾ ਜੈ ਸਿੰਘ ਦੇ ਮਹਿਲਾਂ ਵਿਚ ਲਵਾਇਆ ਗਿਆ । ਉਨੀਂ ਦਿਨੀਂ ਦਿੱਲੀ ਵਿੱਚ ਹੈਜੇ ਦੀ ਬਿਮਾਰੀ ਫੈਲੀ ਹੋਈ ਸੀ । ਸਾਧ ਸੰਗਤ ਨੇ ਸਤਿਗੁਰੂ ਜੀ ਪਾਸ ਬਿਮਾਰੀ ਦੂਰ ਕਰਨ ਲਈ ਬੇਨਤੀ ਕੀਤੀ ।

ਸਾਧ ਸੰਗਤ ਜੀ, ਸਤਿਗੁਰਾਂ ਦੀ ਰਸਨਾਂ ਵਿੱਚ, ਨੇਤਰਾਂ ਵਿੱਚ ਅੰਮ੍ਰਿਤ ਹੁੰਦਾ ਹੈ । ਗੁਰਬਾਣੀ ਅਨੁਸਾਰ ਸਾਰੀ ਦੇਹੀ ਹੀ ਅੰਮ੍ਰਿਤ ਹੁੰਦੀ ਹੈ”।

“ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ”॥

ਸਤਿਗੁਰੂ ਜੀ ਨੇ ਆਪਣੇ ਚਰਨਾਂ ਦਾ ਧੋਵਨ (ਚਰਨਾਮ੍ਰਿਤ) ਇਕ ਚੁਬੱਚੇ ਵਿੱਚ ਪਾ ਕੇ ਬਿਮਾਰਾਂ ਨੂੰ ਪਿਲਾਉਣ ਦਾ ਹੁਕਮ ਕੀਤਾ । ਸਤਿਗੁਰੂ ਜੀ ਦਾ ਚਰਨਾਮ੍ਰਿਤ ਪੀਣ ਨਾਲ ਰੋਗੀ ਠੀਕ ਹੋਣ ਲੱਗੇ । ਰਾਜਾ ਜੈ ਸਿੰਘ ਨੇ ਕਈ ਚੁਬੱਚੇ ਭਰਵਾ ਦਿਤੇ, ਜਿਸ ਵਿਚੋਂ ਜਲ ਛਕ ਕੇ ਬਹੁਤ ਲੋਕਾਂ ਨੇ ਆਪਣਾ ਰੋਗ ਦੂਰ ਕੀਤਾ । ਹੈਜੇ ਦੇ ਰੋਗ ਤੋਂ ਛੁਟਕਾਰਾ ਮਿਲ ਗਿਆ । ਇਸ ਅਸਥਾਨ ਤੇ ਹੁਣ ਗੁਰਦੁਆਰਾ ਬੰਗਲਾ ਸਾਹਿਬ ਸੁਸ਼ੋਭਿਤ ਹੈ ।

# 'ਅੱਠਵੀਂ ਪਾਤਸ਼ਾਹੀ'
## ਸਾਖੀ– ੪
## (ਗੁਰੂ ਤੇਗ ਬਹਾਦਰ ਵੱਲ ਗੁਰਗੱਦੀ ਦਾ ਇਸ਼ਾਰਾ)
## "ਬਾਬਾ ਬਸਹਿ ਜਿ ਗ੍ਰਾਮ ਬਕਾਲੇ"

ਦਿੱਲੀ ਵਿੱਚ ਰਹਿੰਦਿਆਂ ਗੁਰੂ ਹਰਿਕ੍ਰਿਸ਼ਨ ਜੀ ਨੂੰ ਚੇਚਕ (ਮਾਤਾ) ਨਿਕਲ ਆਈ । ਅਸਲ ਵਿੱਚ ਆਪ ਔਰੰਗਜ਼ੇਬ ਦੇ ਮੱਥੇ ਨਹੀਂ ਸਨ ਲੱਗਣਾ ਚਾਹੁੰਦੇ । ਚੇਚਕ ਨਾਲ ਸਰੀਰ ਬਹੁਤ ਕਮਜ਼ੋਰ ਹੋ ਗਿਆ । ਦਿਨ-ਬ-ਦਿਨ ਸਿਹਤ ਵਿਗੜਦੀ ਜਾਵੇ । ਸਾਧ ਸੰਗਤ ਨੂੰ ਚਿੰਤਾ ਹੋਣ ਲੱਗੀ ਕਿ ਸਤਿਗੁਰੂ ਜੀ ਅੰਤ ਸਮੇਂ ਦੀ ਖੇਡ ਖੇਡ ਜਾਣਗੇ ।

ਸੰਗਤ ਵਿਚੋਂ ਮੁਖੀ ਵਿਅਕਤੀਆਂ, ਰਾਜਾ ਜੈ ਸਿੰਘ, ਗੁਰਬਖਸ਼ ਮਸੰਦ, ਸਭ ਨੇ ਮਿਲ ਕੇ ਅਰਜ ਕੀਤੀ, "ਹੇ ਸੱਚੇ ਪਾਤਸ਼ਾਹ, ਆਪ ਭਾਣਾ ਵਰਤਾ ਸਾਨੂੰ ਵਿਛੋੜਾ ਦੇ ਕੇ ਜਾ ਰਹੇ ਹੋ ਪਰ ਸੰਗਤ ਨੂੰ ਕਿਸ ਦੇ ਲੜ ਲਾ ਕੇ ਜਾ ਰਹੇ ਹੋ" । ਸਤਿਗੁਰੂ ਜੀ ਨੇ ਸੰਗਤ ਦੀ ਬੇਨਤੀ ਸੁਣ ਕੇ ਬਚਨ ਕੀਤਾ, "ਪੰਜ ਪੈਸੇ ਅਤੇ ਨਾਰੀਅਲ ਲਿਆਉ, ਸਾਰੇ ਸਿੱਖਾਂ ਨੂੰ ਬੁਲਾਉ । ਗੁਰੂ ਲੁਕਾਇਆਂ ਨਹੀਂ ਲੁਕੇਗਾ। ਗੁਰੂ ਸੂਰਜ ਵਾਂਗ ਅਕਾਸ਼ ਵਿਚ ਚਮਕੇਗਾ"।

ਸਿੱਖ ਨਾਰੀਅਲ ਅਤੇ ਪੰਜ ਪੈਸੇ ਸੋਨੇ ਦੇ ਥਾਲ ਵਿੱਚ ਰੱਖ ਕੇ ਲੈ ਗਏ । ਸਤਿਗੁਰੂ ਜੀ ਨੇ ਸੱਜੇ ਹੱਥ ਵਿੱਚ ਥਾਲ ਨੂੰ ਲਿਆ ਅਤੇ ਉਸ ਵਿਚ ਪੰਜ ਪੈਸੇ ਤੇ ਨਾਰੀਅਲ ਰੱਖ ਮੱਥਾ ਟੇਕਿਆ । ਫਿਰ ਸਤਿਗੁਰੂ ਜੀ ਬਚਨ ਕੀਤਾ, ਭਾਈ ਸੰਤੋਖ ਸਿੰਘ ਜੀ ਦੇ ਹੁਕਮ ਅਨੁਸਾਰ, "ਬਾਬਾ ਬਸਹਿ ਜਿ ਗ੍ਰਾਮ ਬਕਾਲੇ॥ ਬਣ ਗੁਰ ਸੰਗਤ ਸਕਲ ਸੰਭਾਲੇ"॥

ਭਾਵ ਗੁਰੂ ਤੇਗ ਬਹਾਦਰ ਦੀ ਸਰਨੀ ਲੱਗੋ । ਇਹ ਕਹਿ ਕੇ ਸਤਿਗੁਰੂ ਜੀ ਜੋਤੀ ਜੋਤ ਸਮਾ ਗਏ ਅਤੇ ਗੁਰੂ ਮਰਯਾਦਾ ਅਨੁਸਾਰ ਉਸੇ ਵੇਲੇ ਤੋਂ ਉਹਨਾਂ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ ।

## ਨੌਵੀਂ ਪਾਤਸ਼ਾਹੀ

## ਸਤਿਗੁਰੂ ਤੇਗ ਬਹਾਦਰ ਜੀ



| | | |
|---|---|---|
| ਅਵਤਾਰ | : | ਵੈਸਾਖ ਸੁਦੀ ੫ ਸੰਮਤ ੧੬੭੮ ਬਿਕਰਮੀ ੧ ਅਪ੍ਰੈਲ ੧੬੨੧ ਈ. |
| ਅਸਥਾਨ | : | ਗੁਰੂ ਕੇ ਮਹਿਲ, ਅੰਮ੍ਰਿਤਸਰ |
| ਪਿਤਾ | : | ਸਤਿਗੁਰੂ ਹਰਿਗੋਬਿੰਦ ਜੀ |
| ਮਾਤਾ | : | ਮਾਤਾ ਨਾਨਕੀ ਜੀ |
| ਮਹਿਲ | : | ਗੁਜਰੀ ਜੀ |
| ਸੰਤਾਨ | : | ਸ੍ਰੀ (ਗੁਰੂ) ਗੋਬਿੰਦ ਰਾਇ (ਸਿੰਘ) ਜੀ |
| ਜੋਤੀ ਜੋਤ | : | ਮੱਘਰ ਸੁਦੀ ੫ ਸੰਮਤ ੧੭੩੨ ਬਿਕਰਮੀ ਸੀਸ ਗੰਜ ਦਿੱਲੀ ੧੬੭੫ ਈ. । |

# 'ਨੌਵੀਂ ਪਾਤਸ਼ਾਹੀ'

## ਸਾਖੀ- ੧

## (ਗੁਰੂ ਤੇਗ ਬਹਾਦਰ ਦਾ ਪ੍ਰਗਟ ਹੋਣਾ)

ਸਤਿਗੁਰੂ ਹਰਿ ਕ੍ਰਿਸ਼ਨ ਜੀ ਦੇ ਦੇਹ ਦਾ ਓਹਲਾ ਕਰ ਜਾਣ ਪਿਛੋਂ ੨੨ ਸੋਢੀ ਮੰਜੀਆਂ ਵਿਛਾ ਕੇ ਬਕਾਲੇ ਪਹੁੰਚ ਕੇ ਗੁਰੂ ਬਣ ਬੈਠੇ । ਧੀਰ ਮੱਲ ਸਪੁੱਤਰ ਬਾਬਾ ਗੁਰਦਿੱਤਾ ਜੀ ਵੀ ਵਿੱਚ ਹੀ ਸੀ ।

ਮੱਖਣ ਸ਼ਾਹ ਲੁਬਾਣਾ ਇਕ ਵਪਾਰੀ ਸੀ ।ਉਹ ਦੇਸ਼-ਵਿਦੇਸ਼ ਵਿੱਚ ਵਪਾਰ ਕਰਦਾ ਹੁੰਦਾ ਸੀ । ਇਕ ਵਾਰ ਉਸ ਦਾ ਜਹਾਜ ਸਮੁੰਦਰ ਵਿੱਚ ਫਸ ਗਿਆ । ਮੱਖਣ ਸ਼ਾਹ ਨੇ ਦੇਵੀ-ਦੇਵਤਿਆਂ ਦੀਆਂ ਬੜੀਆਂ ਮੰਨਤਾਂ ਮੰਨੀਆਂ ਪਰ ਜਹਾਜ ਨਾ ਨਿਕਲਿਆ । ਅੰਤ ਹਾਰ ਕੇ ਉਸ ਨੇ ਸਮੇਂ ਦੇ ਮਾਲਕ, ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਸ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਮੇਰਾ ਜਹਾਜ ਨਿਕਲ ਜਾਵੇ, ਮੈਂ ੫00 ਮੋਹਰਾਂ ਮੱਥਾ ਟੇਕਾਂਗਾ । ਸਤਿਗੁਰੂ ਜੀ ਨੇ ਕਿਰਪਾ ਕੀਤੀ, ਜਹਾਜ ਪਾਰ ਲੱਗ ਗਿਆ ।

ਸੁੱਖਣਾ ਪੂਰੀ ਕਰਨ ਲਈ ਮੱਖਣ ਸ਼ਾਹ ੫00 ਮੋਹਰਾਂ ਭੇਟਾ ਕਰਨ ਲਈ ਬਕਾਲੇ ਪਹੁੰਚ ਗਿਆ । ਉਥੇ ਕਈ ਗੁਰੂ ਬਣੀ ਬੈਠੇ ਵੇਖ ਉਹ ਸੋਚੀਂ ਪੈ ਗਿਆ ਕਿ ਕਿਹਨੂੰ ਮੋਹਰਾਂ ਮੱਥਾ ਟੇਕਾਂ । ਉਸ ਸੋਚਿਆ ਕਿ ਮੈਂ ਪੰਜ-ਪੰਜ ਮੋਹਰਾਂ ਮੱਥਾ ਟੇਕਦਾ ਹਾਂ, ਜਿਹੜਾ ਅਸਲੀ ਗੁਰੂ ਹੋਵੇਗਾ, ਆਪੇ ਹੀ ਮੈਥੋਂ ੫00 ਮੋਹਰਾਂ ਮੰਗ ਲਵੇਗਾ । ਉਸ ਨੇ ਸਭ ਨੂੰ ੫-੫ ਮੋਹਰਾਂ ਦਿਤੀਆਂ । ਉਹ ਸਾਰੇ ਨਕਲੀ ਗੁਰੂ ੫-੫ ਮੋਹਰਾਂ ਲੈ ਕੇ ਖੁਸ਼ ਹੋ ਗਏ । ਕਿਸੇ ਨੇ ਵੀ ੫00 ਮੋਹਰ ਨਾ ਮੰਗੀ ।

ਮੱਖਣ ਸ਼ਾਹ ਨੇ ਕਿਸੇ ਨੂੰ ਪੁੱਛਿਆ ਕਿ ਕੋਈ ਹੋਰ ਵੀ ਗੁਰੂ ਹੈ । ਕਿਸੇ ਦੱਸਿਆ ਕਿ ਇਕ ਤੇਗਾ ਨਾਂ ਦਾ ਕਮਲਾ ਹੈ ਜੋ ਅੰਦਰ ਭੋਰੇ ਵਿਚ ਬੈਠਾ ਰਹਿੰਦਾ ਹੈ । ਮੱਖਣ ਸ਼ਾਹ ਨੇ ਜਾ ਕੇ ਪੰਜ ਮੋਹਰਾਂ ਮੱਥਾ ਟੇਕੀਆਂ । ਅੱਗੋਂ ਸਤਿਗੁਰੂ ਜੀ

ਕਹਿਣ ਲੱਗੇ- ਭਾਈ ਸੁੱਖਣਾ ਤਾਂ ਪੰਜ ਸੌ ਮੋਹਰਾਂ ਦੀ ਹੈ ਤੇ ਮੱਥਾ ਪੰਜ ਮੋਹਰਾਂ ਹੀ ਟੇਕੀਆਂ ਹਨ । ਇਹ ਠੀਕ ਨਹੀਂ । ਨਾਲ ਹੀ ਆਪਣਾ ਸੱਜਾ ਮੋਢਾ ਵਿਖਾਇਆ ਜੋ ਜਹਾਜ ਕੱਢਦੇ ਸਮੇਂ ਜਖਮੀ ਹੋ ਗਿਆ ਸੀ ।

ਇਹ ਵੇਖ ਮੱਖਣ ਸ਼ਾਹ ਮਸਤਾਨਾ ਹੋ ਗਿਆ ਅਤੇ ਕੋਠੇ ਚੜ੍ਹ ਕੇ ਪੱਲੂ ਫੇਰ ਉੱਚੀ-ਉੱਚੀ ਅਵਾਜ਼ ਵਿਚ ਕਿਹਾ, "ਗੁਰੂ ਲਾਧੋ ਰੇ- ਗੁਰੂ ਲਾਧੋ ਰੇ" । ਅਸਲੀ ਗੁਰੂ ਦੇ ਗੁਰੂ ਤੇਗ ਬਹਾਦਰ ਹਨ । ਬਾਕੀ ਸਭ ਨਕਲੀ ਹਨ । ਗੁਰੂ ਤੇਗ ਬਹਾਦਰ ਜੀ ਦੇ ਚਰਨੀ ਲੱਗੇ । ਅਸਲੀਅਤ ਪਤਾ ਲੱਗਣ ਤੇ ਸਭ ਨੇ ਗੁਰੂ ਤੇਗ ਬਹਾਦਰ ਜੀ ਨੂੰ ਨਮਸਕਾਰ ਕੀਤੀ ।

## 'ਨੌਵੀਂ ਪਾਤਸ਼ਾਹੀ'
## ਸਾਖੀ- ੨
## (ਸਮੇਂ ਦੇ ਗੁਰੂ ਦੀ ਅਰਦਾਸ ਸਫਲ)

ਸਤਿਗੁਰੂ ਤੇਗ ਬਹਾਦਰ ਜੀ ਦੀ ਵਧਦੀ ਸੋਭਾ ਵੇਖ ਕੇ ਧੀਰ ਮੱਲ ਨੂੰ ਬੜੀ ਈਰਖਾ ਹੋਈ । ਉਸ ਨੇ ਆਪਣੇ ਆਦਮੀ ਭੇਜ ਕੇ ਸਤਿਗੁਰੂ ਜੀ ਦਾ ਡੇਰਾ ਲੁੱਟ ਲਿਆ । ਮੱਖਣ ਸ਼ਾਹ ਦੇ ਆਦਮੀ ਗਏ । ਉਹ ਸਾਰਾ ਸਮਾਨ ਵਾਪਸ ਲੈ ਆਏ ਪਰ ਸਤਿਗੁਰੂ ਜੀ ਨੇ ਸਾਰਾ ਸਮਾਨ ਵਾਪਸ ਕਰਵਾ ਦਿਤਾ ।

ਜਦੋਂ ਸਤਿਗੁਰੂ ਜੀ ਨੂੰ ਪਤਾ ਲੱਗਾ ਕਿ ਸਿੱਖਾਂ ਨੇ ਸਾਰਾ ਸਮਾਨ ਤਾਂ ਵਾਪਸ ਕਰ ਦਿਤਾ ਹੈ ਪਰ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬੀੜ ਵਾਪਿਸ ਨਹੀਂ ਕੀਤੀ ਤਾਂ ਆਪ ਜੀ ਨੇ ਹੁਕਮ ਕੀਤਾ ਕਿ ਇਸ ਬੀੜ ਨੂੰ ਦਰਿਆ ਦੇ ਸਪੁਰਦ ਕਰ ਦਿਉ । ਉਧਰ ਧੀਰ ਮੱਲ ਨੂੰ ਸੁਨੇਹਾ ਭੇਜ ਦਿਤਾ ਕਿ ਬੀੜ ਬਿਆਸਾ ਦਰਿਆ ਵਿੱਚ ਹੈ । ਸਿੱਖਾਂ ਨੇ ਬਚਨ ਮੰਨ ਕੇ ਬੀੜ ਪਲੰਘ ਸਮੇਤ ਦਰਿਆ ਵਿੱਚ ਰੱਖ ਦਿਤੀ ਅਤੇ ਆਪ ਅਗਾਂਹ ਤੁਰ ਗਏ ।

ਧੀਰ ਮੱਲ ਆਪਣੇ ਆਦਮੀਆਂ ਨਾਲ ਆਇਆ । ਕਈ ਟੁੱਭੀਆ ਮਾਰੀਆਂ ਦਰਿਆ ਵਿੱਚ ਪਰ ਬੀੜ ਹੱਥ ਨਾ ਆਈ । ਜਦੋਂ ਧੀਰ ਮੱਲ ਨੂੰ ਕੋਈ ਚਾਰਾ ਨਜ਼ਰ ਨਾ ਆਇਆ ਤਾਂ ਉਸ ਨੂੰ ਕਿਸੇ ਨੇ ਆਖਿਆ ਕਿ ਇਸ ਵੇਲੇ ਸਮੇਂ ਦੇ ਮਾਲਕ ਗੁਰੂ ਤੇਗ ਬਹਾਦਰ ਜੀ ਹਨ । ਉਹਨਾਂ ਦੇ ਚਰਨਾਂ ਵਿੱਚ ਅਰਦਾਸ ਕਰ ਤਾਂ ਉਸ ਨੇ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ।ਅਰਦਾਸ ਉਪਰੰਤ ਜਦੋਂ ਟੁੱਭੀ ਮਾਰੀ ਤਾਂ ਪਹਿਲੀ ਵਾਰ ਵਿੱਚ ਹੀ ਪਲੰਘ ਨੂੰ ਹੱਥ ਜਾ ਪਿਆ ਅਤੇ ਪਲੰਘ ਸਮੇਤ ਬੀੜ ਬਾਹਰ ਕੱਢ ਲਿਆਂਦੀ। ਧੀਰ ਮੱਲ ਬੀੜ ਲੈ ਘਰ ਨੂੰ ਮੁੜਿਆ ਅਤੇ ਦਿਲੋਂ ਸਤਿਗੁਰੂ ਜੀ ਦਾ ਧੰਨਵਾਦ ਕੀਤਾ ।

# 'ਨੌਵੀਂ ਪਾਤਸ਼ਾਹੀ'
# ਸਾਖੀ– ੩
# (ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ)

ਔਰੰਗਜ਼ੇਬ ਬੜਾ ਕੱਟੜ ਸੀ । ਉਹ ਚਾਹੁੰਦਾ ਸੀ ਕਿ ਸਾਰਾ ਹਿੰਦੁਸਤਾਨ ਮੁਸਲਮਾਨ ਬਣ ਜਾਵੇ । ਲੋਕਾਂ ਵਿਚ ਡਰ ਪੈਦਾ ਕਰਨ ਲਈ ਉਸਨੇ ਹਿੰਦੂਆਂ ਦੇ ਧਰਮ ਅਸਥਾਨ ਢਾਹੁਣੇ ਸ਼ੁਰੂ ਕਰ ਦਿਤੇ ਤੇ ਮੁਸਲਮਾਨ ਬਣਨ ਲਈ ਜ਼ੋਰ-ਜਬਰਦਸਤੀ ਸ਼ੁਰੂ ਕਰ ਦਿਤੀ । ਲੋਕਾਂ ਵਿਚ ਦਹਿਸ਼ਤ ਫੈਲ ਗਈ । ਕੋਈ ਚਾਰਾ ਨਾ ਚੱਲੇ । ਗੁਰੂ ਤੇਗ ਬਹਾਦਰ ਜੀ ਉਸ ਵਕਤ ਆਸਾਮ ਵਿੱਚ ਸਿੱਖੀ ਪ੍ਰਚਾਰ ਕਰ ਰਹੇ ਸਨ । ਲੋਕਾਂ ਦਾ ਡਰ ਦੂਰ ਕਰਨ ਲਈ ਆਪ ਆਸਾਮ ਤੋਂ ਪੰਜਾਬ ਆ ਗਏ ਅਤੇ ਲੋਕਾਂ ਨੂੰ ਧੀਰਜ ਦਿਤਾ ।

ਜਦੋਂ ਕਸ਼ਮੀਰੀ ਪੰਡਤਾਂ ਨੇ ਆਨੰਦਪੁਰ ਆ ਕੇ ਆਪਣੀ ਵਿਥਿਆ ਸੁਣਾਈ ਤਾਂ ਸਤਿਗੁਰੂ ਜੀ ਫੁਰਮਾਇਆ, "ਜਾਉ, ਬਾਦਸ਼ਾਹ ਨੂੰ ਜਾ ਕੇ ਕਹਿ ਦਿਉ ਕਿ ਜੇ ਤੁਸੀ ਗੁਰੂ ਤੇਗ ਬਹਾਦਰ ਦਾ ਧਰਮ ਬਦਲ ਦਿਓਗੇ ਤਾਂ ਅਸੀਂ ਵੀ ਸਾਰੇ ਮੁਸਲਮਾਨ ਹੋ ਜਾਵਾਂਗੇ ।

ਆਪ ਦਿੱਲੀ ਵੱਲ ਰਵਾਨਾ ਹੋ ਗਏ । ਅਜੇ ਆਪ ਰਸਤੇ ਵਿਚ ਹੀ ਸਨ ਕਿ ਔਰੰਗਜ਼ੇਬ ਨੇ ਆਪ ਜੀ ਨੂੰ ਅਤੇ ਕੁਝ ਸਿੱਖਾਂ ਨੂੰ ਫੜ੍ਹ ਲਿਆ ਅਤੇ ਇਸਲਾਮ ਕਬੂਲ ਕਰਨ ਵਾਸਤੇ ਕਿਹਾ ।

ਸਤਿਗੁਰੂ ਜੀ ਸਿਖਾਂ ਨੂੰ ਉੱਤਰ ਦਿਤਾ ਕਿ ਮੇਰਾ ਧਰਮ ਮੈਨੂੰ ਪਿਆਰਾ ਹੈ । ਅਸੀਂ ਮੁਸਲਮਾਨ ਨਹੀਂ ਬਣਾਂਗੇ । ਇਹ ਉੱਤਰ ਸੁਣ ਕੇ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਦਿਤਾ ਗਿਆ ਪਰ ਭਾਈ ਜੀ ਨੇ ਸੀ ਤੱਕ ਨਾ ਕੀਤੀ । ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿੱਚ ਬਿਠਾਇਆ ਗਿਆ ਪਰ ਉਹ ਵੀ ਅਡੋਲ

ਬੈਠੇ ਰਹੇ ।

ਸਤਿਗੁਰੂ ਜੀ ਨੂੰ ਕਿਹਾ ਗਿਆ- ਇਸਲਾਮ ਕਬੂਲ ਕਰੋ ਜਾਂ ਕਰਾਮਾਤ ਦਿਖਾਓ ਜਾਂ ਕਤਲ ਹੋਣ ਲਈ ਤਿਆਰ ਹੋ ਜਾਉ । ਸਤਿਗੁਰੂ ਜੀ ਫੁਰਮਾਇਆ- ਸਾਡਾ ਸਿਰ ਹਾਜ਼ਰ ਹੈ । ਇਕ ਸਿੱਖ ਨੇ ਕਿਹਾ "ਸੱਚੇ ਪਾਤਸ਼ਾਹ ਜੀ ਜੇ ਆਗਿਆ ਦਿਉ ਤਾਂ ਦਿੱਲੀ ਤੇ ਲਾਹੌਰ ਦੀਆਂ ਟੱਕਰਾਂ ਲਵਾ ਦਿਆਂ ਪਰ ਸਤਿਗੁਰੂ ਜੀ ਨੇ ਭਾਣਾ ਮੰਨਣ ਦਾ ਉਪਦੇਸ਼ ਦਿਤਾ । ਸਤਿਗੁਰੂ ਜੀ ਨੂੰ ਚਾਂਦਨੀ ਚੌਂਕ ਵਿੱਚ ਤਲਵਾਰ ਨਾਲ ਸ਼ਹੀਦ ਕੀਤਾ ਗਿਆ । ਜਿਥੇ ਹੁਣ 'ਸੀਸ ਗੰਜ' ਗੁਰਦੁਆਰਾ ਹੈ । ਉਸ ਵੇਲੇ ਬੜੇ ਜ਼ੋਰ ਦੀ ਹਨੇਰੀ ਚੱਲੀ । ਹਰ ਪਾਸੇ ਧੂੜ ਦਾ ਗੁਬਾਰ ਛਾ ਗਿਆ । ਜਿਸ ਦਾ ਫਾਇਦਾ ਚੁੱਕ ਕੇ ਭਾਈ ਜੈਤਾ ਜੀ ਨੇ ਸਤਿਗੁਰੂ ਜੀ ਦਾ ਪਵਿੱਤਰ ਸੀਸ ਚੁੱਕ ਲਿਆ ਅਤੇ ਲੁਕਦੇ-ਛਿਪਦੇ ਸੀਸ ਅਨੰਦਪੁਰ ਸਾਹਿਬ ਲੈ ਗਏ ।

ਉਧਰ ਲੱਖੀ ਸ਼ਾਹ ਵਣਜਾਰਾ ਸਤਿਗੁਰੂ ਜੀ ਦਾ ਧੜ ਗੱਡੇ ਵਿੱਚ ਪਾ ਕੇ ਆਪਣੇ ਘਰ ਲੈ ਗਿਆ । ਗੱਡਾ ਘਰ ਲਿਜਾ ਕੇ ਸਣੇ ਗੱਡਾ ਆਪਣੇ ਘਰ ਨੂੰ ਅੱਗ ਲਾ ਦਿਤੀ ਅਤੇ ਇਸ ਤਰ੍ਹਾਂ ਧੜ ਦਾ ਸਸਕਾਰ ਕੀਤਾ । ਇਸ ਥਾਂ ਉੱਤੇ ਅੱਜ ਕਲ੍ਹ 'ਰਕਾਬ ਗੰਜ ਗੁਰਦੁਆਰਾ' ਹੈ ।

ਇਸ ਤਰ੍ਹਾਂ ਤਿਲਕ-ਜੰਞੂ ਦੀ ਰਾਖੀ ਲਈ ਸਤਿਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ । ਜਦੋਂ ਸਤਿਗੁਰੂ ਜੀ ਸ਼ਹੀਦ ਹੋਏ, ਉਸੇ ਵੇਲੇ ਗੁਰ ਮਰਯਾਦਾ ਅਨੁਸਾਰ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ ਤੇ ਸੁਭਾਇਮਾਨ ਹੋ ਗਏ ।

## ਦਸਵੀਂ ਪਾਤਸ਼ਾਹੀ
## (ਸਤਿਗੁਰੂ ਗੋਬਿੰਦ ਸਿੰਘ ਜੀ)



| | | |
|---|---|---|
| ਅਵਤਾਰ | : | ਪੋਹ ਸੁਦੀ ੭ ਸੰਮਤ ੧੭੨੩ ਬਿਕਰਮੀ ੨੨ ਦਿਸੰਬਰ ੧੬੬੯ ਈ. । |
| ਅਸਥਾਨ | : | ਸ੍ਰੀ ਪਟਨਾ ਸਾਹਿਬ , ਬਿਹਾਰ |
| ਪਿਤਾ | : | ਸਤਿਗੁਰੂ ਤੇਗ ਬਹਾਦਰ ਜੀ |
| ਮਾਤਾ | : | ਮਾਤਾ ਗੁਜਰੀ ਜੀ |
| ਮਹਿਲ | : | ਜੀਤੋ ਜੀ, ਸੁੰਦਰੀ ਜੀ, ਸਾਹਿਬ ਦੇਵਾਂ ਜੀ |
| ਸੰਤਾਨ | : | ਸਾਹਿਬਜ਼ਾਦੇ ਅਜੀਤ ਸਿੰਘ, ਜੁਝਾਰ ਸਿੰਘ, ਜੋਰਾਵਰ ਸਿੰਘ ਅਤੇ ਫਤਹਿ ਸਿੰਘ ਜੀ । |
| ਜੋਤੀ ਜੋਤ | : | ਜੇਠ ਸੁਦੀ ੫ ਸੰਮਤ ੧੯੬੯ ਬਿਕਰਮੀ, ੧੯੧੨ ਈ. ਨੂੰ ਨਾਭੇ ਦੀ ਝਿੜੀ ਵਿਖੇ ਬਾਬਾ ਅਜਾਪਾਲ ਸਿੰਘ ਦੇ ਨਾਂ ਹੇਠ ਸਰੀਰ ਤਿਆਗਿਆ । |

## 'ਦਸਵੀਂ ਪਾਤਸ਼ਾਹੀ'
## ਸਾਖੀ– ੧
## (ਬਾਲ–ਲੀਲ੍ਹਾ)

ਇਕ ਵਾਰ ਪਟਨੇ ਬਾਲ ਗੋਬਿੰਦ ਖੇਡ ਕੇ ਵਾਪਸ ਆਏ ਤਾਂ ਮਾਤਾ ਗੁਜਰੀ ਜੀ ਇਹ ਵੇਖ ਕੇ ਹੈਰਾਨ ਹੋ ਗਏ ਕਿ ਉਹਨਾਂ ਦੇ ਇਕ ਹੱਥ ਵਿੱਚ ਸੋਨੇ ਦਾ ਕੜਾ ਨਹੀਂ ਸੀ । ਜਦੋਂ ਬਾਲ ਗੋਬਿੰਦ ਖੇਡਣ ਗਏ ਸਨ ਤਾਂ ਦੋਹਾਂ ਹੱਥਾਂ ਵਿੱਚ ਹੀ ਸੋਨੇ ਦੇ ਕੜੇ ਸਨ ।

ਮਾਤਾ ਜੀ ਨੇ ਆਪਣੀ ਗੋਦੀ ਵਿੱਚ ਬਿਠਾ ਕੇ ਬੜੇ ਲਾਡ ਨਾਲ ਪੁੱਛਿਆ ਕਿ "ਲਾਲ ਜੀ, ਇਸ ਹੱਥ ਦਾ ਸੋਨੇ ਦਾ ਕੜਾ ਕਿਥੇ ਹੈ"? ਬਾਲਕ ਨੇ ਮਾਤਾ ਜੀ ਵੱਲ ਵੇਖ ਕੇ ਕਿਹਾ, "ਆਉ, ਮੈ ਤੁਹਾਨੂੰ ਦੱਸਦਾ ਹਾਂ ਕਿ ਦੂਜਾ ਕੜਾ ਕਿੱਥੇ ਹੈ"।

ਨੇੜੇ ਹੀ ਗੰਗਾ ਵਗਦੀ ਸੀ । ਬਾਲਕ ਮਾਤਾ ਜੀ ਅਤੇ ਕੁਝ ਸੇਵਕਾਂ ਨਾਲ ਗੰਗਾ ਕਿਨਾਰੇ ਗਏ ਅਤੇ ਉਸ ਨੇ ਦੂਸਰੇ ਹੱਥ ਦਾ ਸੋਨੇ ਦਾ ਕੜਾ ਲਾਹ ਕੇ ਪੂਰੇ ਜੋਰ ਨਾਲ ਗੰਗਾ ਵਿੱਚ ਸੁੱਟਿਆ ਅਤੇ ਕਿਹਾ, "ਉਹ ਔਥੇ ਡਿੱਗਾ ਸੀ"। ਮਾਤਾ ਜੀ ਨੇ ਉਹਨਾਂ ਵੱਲ ਮੁਸਕਰਾ ਕੇ ਵੇਖਿਆ ਅਤੇ ਉਹਨਾਂ ਨੂੰ ਉਂਗਲ ਲਾ ਕੇ ਘਰ ਲੈ ਆਏ ।

ਆਪ ਬਚਪਨ ਤੋਂ ਹੀ ਬੇਪਰਵਾਹ ਸਨ । ਇਸੇ ਕਰਕੇ ਦੂਜਾ ਕੜਾ ਵੀ ਸੁੱਟ ਦਿਤਾ ਸੀ । ਆਪ ਕਿਸੇ ਚੀਜ਼ ਦੀ ਪਰਵਾਹ ਨਹੀਂ ਕਰਦੇ ਸਨ । ਇਕ ਵਾਰ ਸਾਥੀਆਂ ਨਾਲ ਖੇਡ ਰਹੇ ਸਨ । ਕੋਲੋਂ ਦੀ ਨਵਾਬ ਦੀ ਸਵਾਰੀ ਲੰਘਣੀ ਸੀ । ਨਵਾਬ ਦੇ ਬੰਦਿਆਂ ਨੇ ਆਖਿਆ, "ਬੱਚਿਉ! ਨਵਾਬ ਸਾਹਿਬ ਆਉਣ ਤਾਂ ਸਾਰੇ ਖੜ੍ਹੇ ਹੋ ਕੇ ਉਹਨਾਂ ਨੂੰ ਸਲਾਮ ਕਰਨਾ" । ਸਤਿਗੁਰੂ ਜੀ ਨੇ ਬਾਲ ਸਾਥੀਆਂ ਨੂੰ ਕਿਹਾ, "ਆਪਾਂ ਖੇਡਦੇ ਰਹੀਏ । ਨਵਾਬ ਕੁਝ ਨਹੀਂ ਕਹੇਗਾ"। ਸੋ ਨਵਾਬ ਆਇਆ ਅਤੇ ਲੰਘ ਗਿਆ । ਸਤਿਗੁਰੂ ਜੀ ਦੇ ਕਿਹਾਂ ਸਾਰੇ ਬੱਚੇ ਬੇਪਰਵਾਹੀ ਨਾਲ ਖੇਡਦੇ ਰਹੇ । ਕਿਸੇ ਨੇ ਨਵਾਬ ਨੂੰ ਸਲਾਮ ਨਹੀਂ ਕੀਤੀ ।

## ‘ਦਸਵੀਂ ਪਾਤਸ਼ਾਹੀ’
## ਸਾਖੀ- ੨
## (ਘੜੇ ਤੋੜਨੇ)

ਗੋਬਿੰਦ ਰਾਇ ਜੀ ਗੰਗਾ ਤੇ ਜਾ ਕੇ ਆਪਣੇ ਸਾਥੀਆਂ ਦੇ ਦੋ ਦਲ ਬਣਾ ਕੇ ਜੰਗ, ਲੜਾਈ ਕਰਦੇ । ਅੱਗੇ ਜਾ ਕੇ ਜ਼ੁਲਮ ਮਿਟਾਣ ਖਾਤਰ ਜੰਗ ਜੋ ਕਰਨੇ ਸਨ । ਸੋ ਉਹਨਾਂ ਦਾ ਅਭਿਆਸ ਬਚਪਨ ਤੋਂ ਹੀ ਸ਼ੁਰੂ ਕਰ ਦਿਤਾ । ਆਪ ਸੈਨਾਪਤੀ ਬਣਦੇ । ਆਪਣੇ ਸਾਥੀਆਂ ਦੇ ਹੱਥ ਵਿੱਚ ਤੀਰ ਜਾਂ ਲੱਕੜੀ ਦੀਆਂ ਤਲਵਾਰਾਂ ਫੜਾ ਕੇ ਫੌਜਾਂ ਖੜੀਆਂ ਕਰ ਦਿੰਦੇ ਅਤੇ ਹੱਲੇ ਦਾ ਹੁਕਮ ਕਰਦੇ । ਜਿੱਤਣ ਵਾਲਿਆਂ ਨੂੰ ਸ਼ਾਬਾਸ਼ ਦਿੰਦੇ ਅਤੇ ਹਾਰਨ ਵਾਲਿਆਂ ਨੂੰ ਤਸੱਲੀ । ਨਿਸ਼ਾਨੇਬਾਜੀ ਦਾ ਅਭਿਆਸ ਗੁਲੇਲ ਚਲਾ ਕੇ ਕਰਦੇ ਸਨ।

ਆਪ ਜੀ ਦੇ ਘਰ ਦੇ ਵਿਹੜੇ ਵਿੱਚ ਇਕ ਖੂਹ ਸੀ ਜਿਥੋਂ ਮੁਹੱਲੇ ਦੀਆਂ ਔਰਤਾਂ ਪਾਣੀ ਭਰਨ ਆਉਂਦੀਆ ਸਨ । ਜਦ ਉਹ ਪਾਣੀ ਦੇ ਘੜੇ ਭਰ ਕੇ ਤੁਰਦੀਆਂ ਸਨ ਤਾਂ ਆਪ ਜੀ ਉਹਨਾਂ ਦੇ ਮਿੱਟੀ ਦੇ ਘੜਿਆਂ ਨੂੰ ਗੁਲੇਲ ਮਾਰ ਕੇ ਭੰਨ ਦਿੰਦੇ ਸਨ । ਜਦ ਉਹਨਾਂ ਇਸਤਰੀਆਂ ਨੇ ਮਾਤਾ ਜੀ ਅੱਗੇ ਇਸ ਗੱਲ ਦੀ ਸ਼ਿਕਾਇਤ ਕੀਤੀ ਤਾਂ ਮਾਤਾ ਜੀ ਨੇ ਉਹਨਾਂ ਨੂੰ ਲੋਹੇ ਅਤੇ ਪਿੱਤਲ ਦੀਆਂ ਗਾਗਰਾਂ ਲੈ ਦਿੱਤੀਆ । ਫਿਰ ਗਾਗਰਾਂ ਨੂੰ ਆਪ ਜੀ ਤੀਰਾਂ ਦੇ ਨਿਸ਼ਾਨੇ ਲਾ ਕੇ ਛੇਦ ਕਰ ਦਿੰਦੇ ਸਨ । ਜਿਸ ਕਰ ਕੇ ਮਾਤਾ ਜੀ ਨੇ ਉਸ ਖੂਹ ਨੂੰ ਸਰਾਪ ਦੇ ਕੇ ਉਸਦਾ ਪਾਣੀ ਹੀ ਖਾਰਾ ਕਰ ਦਿਤਾ ਜਿਸ ਕਰ ਕੇ ਇਸਤਰੀਆ ਨੇ ਉੱਥੇ ਪਾਣੀ ਭਰਨਾ ਹੀ ਬੰਦ ਕਰ ਦਿਤਾ ਅਤੇ ਸਾਹਿਬਜ਼ਾਦੇ ਦਾ ਇਹ ਕੌਤਕ ਵੀ ਬੰਦ ਹੋ ਗਿਆ ।

## ‘ਦਸਵੀਂ ਪਾਤਸ਼ਾਹੀ’
## ਸਾਖੀ- ੩
## (ਬਚਨ ਨਾਲ ਰੋਗੀ ਠੀਕ ਕਰਨੇ)

ਦਸਮੇਸ਼ ਜੀ ਕੁਝ ਵੱਡੇ ਹੋਏ ਤਾਂ ਬਚਿੱਤਰ ਲੀਲ੍ਹਾ ਕਰਨ ਲੱਗੇ । ਚਿਹਰੇ ਤੇ ਚਿਹਨ ਚੱਕਰ ਐਸੇ ਜੋ ਵੀ ਦਰਸ਼ਨ ਕਰ ਲੈਂਦਾ, ਨਿਹਾਲ ਹੋ ਜਾਂਦਾ ।

ਪਟਨੇ ਵਿੱਚ ਇਕ ਮਾਤਾ ਦਾ ਬੱਚਾ ਕਿਸੇ ਰੋਗ ‘ਚ ਗ੍ਰਸਤ ਹੋ ਕੇ ਸੁੱਕ ਕੇ ਲੱਕੜੀ ਹੋ ਗਿਆ । ਕੁਝ ਦਿਨਾਂ ਦਾ ਹੀ ਪ੍ਰਾਹੁਣਾ ਜਾਪੇ । ਉਸ ਮਾਤਾ ਨੇ ਸੁਣਿਆ ਕਿ ਗੁਰੂ ਤੇਗ ਬਹਾਦਰ ਜੀ ਦਾ ਸਾਹਿਬਜ਼ਾਦਾ ਜੋ ਕਹਿੰਦਾ ਹੈ, ਸਭ ਸੱਤ ਹੋ ਜਾਂਦਾ ਹੈ । ਉਹ ਦੁਖੀਆਂ ਦੇ ਦੁੱਖ ਦੂਰ ਕਰਦਾ ਹੈ ।

ਉਹ ਸਵੇਰ ਸਾਰ ਆਪਣੇ ਬੱਚੇ ਨੂੰ ਚੁੱਕ ਗੋਬਿੰਦ ਰਾਇ ਜੀ ਦੇ ਨਿਵਾਸ ਦੇ ਬਾਹਰ ਬੈਠ ਗਈ । ਚੋਜੀ ਪ੍ਰੀਤਮ ਥੋੜ੍ਹੀ ਦੇਰ ਬਾਅਦ ਘਰ ਵਿਚੋਂ ਬਾਹਰ ਆਏ । ਉਹਨਾਂ ਦੀ ਦ੍ਰਿਸ਼ਟੀ ਬਿਮਾਰ ਬੱਚੇ ਉੱਤੇ ਪੈ ਗਈ । ਜਦੋਂ ਪੁੱਛਿਆ ਤਾਂ ਬੱਚੇ ਦੀ ਮਾਤਾ ਨੇ ਬੜੀ ਅਧੀਰ ਹੋ ਕੇ ਅਰਜ ਕੀਤੀ, “ਮੇਰੇ ਜੀਵਨ ਦਾ ਸਹਾਰਾ ਮੇਰੇ ਸਾਹਮਣੇ ਦੁਨੀਆਂ ਤੋਂ ਜਾ ਰਿਹਾ ਹੈ, ਕਿਰਪਾ ਕਰੋ, ਮੇਰੇ ਬੱਚੇ ਨੂੰ ਜ਼ਿੰਦਗੀ ਦੀ ਖੈਰ ਪਾਉ”।

ਦਸਮੇਸ਼ ਜੀ ਬਚਨ ਕੀਤਾ, “ਜਾਹ ਮਾਤਾ, ਤੇਰਾ ਪੁੱਤਰ ਤੰਦਰੁਸਤ ਹੋ ਵੱਡੀ ਉਮਰ ਵਾਲਾ ਹੋਵੇਗਾ” ।

ਸਤਿਗੁਰੂ ਜੀ ਦੀ ਕਿਰਪਾ ਨਾਲ ਬੱਚਾ ਕੁਝ ਦਿਨਾਂ ਵਿੱਚ ਹੀ ਨੌਂ-ਬਰ-ਨੌਂ ਹੋ ਗਿਆ ।

## 'ਦਸਵੀਂ ਪਾਤਸ਼ਾਹੀ'
## ਸਾਖੀ– ੪
## (ਲੱਡੂਆਂ ਦਾ ਭੋਗ)

ਪਟਨੇ ਵਿੱਚ ਇਕ ਰਾਮ ਭਗਤ ਸ਼ਿਵ ਦੱਤ ਰਹਿੰਦਾ ਸੀ । ਉਹ ਰੋਜ਼ ਲੱਡੂਆਂ ਦਾ ਥਾਲ ਲੈ ਕੇ ਗੰਗਾ ਕਿਨਾਰੇ ਬਣੇ ਇਕ ਮੰਦਰ ਵਿੱਚ ਜਾਂਦਾ ਸੀ । ਸਮਾਧੀ ਲਾ ਕੇ ਰਾਮ ਭਗਤੀ ਕਰਦਾ ਅਤੇ ਰਾਮ ਜੀ ਨੂੰ ਲੱਡੂਆਂ ਦਾ ਭੋਗ ਲਵਾਉਂਦਾ ।

ਬਾਲਾ ਪ੍ਰੀਤਮ ਦਸਮੇਸ਼ ਜੀ ਨੇ ਕੌਤਕ ਰਚਿਆ । ਗੰਗਾ ਦੇ ਕਿਨਾਰੇ ਆਪਣੇ ਸਾਥੀਆਂ ਨਾਲ ਖੇਡਣ ਜਾਂਦੇ ਅਤੇ ਲੱਡੂ ਚੁੱਕ ਕੇ ਆਪਣੇ ਸਾਥੀਆਂ ਵਿੱਚ ਵਰਤਾ ਦਿੰਦੇ । ਉਧਰ ਪੰਡਤ ਜੀ ਸਮਾਧੀ ਤੋਂ ਉਪਰਾਮ ਹੋ ਥਾਲ ਖਾਲੀ ਵੇਖ ਕੇ ਬਹੁਤ ਖੁਸ਼ ਹੁੰਦੇ ਕਿ ਭਗਵਾਨ ਰਾਮ ਆਪ ਆ ਕੇ ਲੱਡੂ ਖਾਂਦੇ ਹਨ ।

ਇਕ ਦਿਨ ਉਸ ਨੂੰ ਕਿਸੇ ਨੇ ਦੱਸਿਆ ਕਿ ਤੇਰੇ ਲੱਡੂ ਗੋਬਿੰਦ ਰਾਇ ਚੁੱਕ ਕੇ ਮੁੰਡਿਆਂ ਵਿੱਚ ਵਰਤਾ ਦਿੰਦੇ ਹਨ । ਇਹ ਸੁਣ ਕੇ ਪੰਡਤ ਸ਼ਿਵ ਦੱਤ ਨੂੰ ਬੜਾ ਗੁੱਸਾ ਆਇਆ ਕਿ ਛੋਟਾ ਜਿਹਾ ਬੱਚਾ ਮੇਰੇ ਨਾਲ ਛਲ ਕਰ ਰਿਹਾ ਹੈ । ਅੱਜ ਆਵੇ, ਰਾਮ ਦੇ ਲੱਡੂ ਚੋਰੀ ਕਰਨ ਦਾ ਪਤਾ ਦੱਸਾਂਗਾ । ਮਾਰ-ਮਾਰ ਕੇ ਧਰਤੀ ਤੇ ਲਿਟਾ ਦਿਆਂਗਾ ।

ਦੂਸਰੇ ਦਿਨ ਪੰਡਤ ਜੀ ਫੇਰ ਲੱਡੂ ਲੈ ਕੇ ਅੰਦਰ ਗਏ । ਪੂਜਾ ਸ਼ੁਰੂ ਕੀਤੀ ਪਰ ਮਨ ਬਿਰਤੀ ਨਹੀਂ ਲਗਦੀ ਅੱਜ ।ਅੰਦਰ ਕ੍ਰੋਧ ਹੈ । ਇੰਨੇ ਨੂੰ ਅਗੰਮੀ ਅਵਾਜ਼ ਆਈ– "ਸ਼ਿਵ ਦੱਤ! ਜਿਸ ਰਾਮ ਨੂੰ ਤੂੰ ਲੱਡੂਆਂ ਦਾ ਭੋਗ ਲਵਾਉਂਦਾ ਹੈਂ, ਤੇਰੇ ਲੱਡੂ ਚੁੱਕਣ ਵਾਲੇ ਉਸੇ ਰਾਮ ਦੇ ਰੂਪ ਵਿਚ ਗੋਬਿੰਦ ਰਾਇ ਹੀ ਹਨ"।

ਇਹ ਸੁਣ ਕੇ ਮਨ ਦੀ ਭਾਵਨਾ ਬਦਲ ਗਈ । ਕ੍ਰੋਧ ਦੀ ਥਾਂ ਪ੍ਰੇਮ ਨੇ ਲੈ ਲਈ । ਇੰਨੇ ਨੂੰ ਗੋਬਿੰਦ ਰਾਇ ਜੀ ਆਪਣੇ ਸਾਥੀਆਂ ਨਾਲ ਆਏ ਅਤੇ ਆ ਕੇ

ਲੱਡੂ ਚੁੱਕਣ ਲੱਗਦੇ ਹਨ । ਪੰਡਤ ਜੀ ਗੋਬਿੰਦ ਰਾਇ ਜੀ ਦੇ ਚਰਨਾਂ ਨੂੰ ਘੁੱਟ ਕੇ ਫੜ੍ਹ ਕੇ ਕਹਿੰਦੇ ਹਨ, "ਰੋਜ ਚੋਰੀ ਲੱਡੂ ਖਾਂਦੇ ਹੋ, ਦੀਦਾਰ ਨਹੀਂ ਦਿੰਦੇ ।ਮੈਂ ਜਾਣ ਗਿਆ ਹਾਂ ਕਿ ਤੁਸੀਂ ਕੌਣ ਹੋ । ਜਿੰਨਾਂ ਚਿਰ ਰਾਮ ਰੂਪ ਹੋ ਕੇ ਦਰਸ਼ਨ ਨਹੀਂ ਦਿੰਦੇ, ਮੈਂ ਛੱਡਾਂਗਾ ਨਹੀਂ ।

ਦਸਮੇਸ਼ ਜੀ ਨੇ ਉਸੇ ਵਕਤ ਆਪਣੇ ਸਾਥੀਆਂ ਵਿਚੋਂ ਸੀਤਾ, ਲਛਮਣ ਅਤੇ ਹਨੂੰਮਾਨ ਬਣਾ ਕੇ ਅਤੇ ਆਪ ਸ੍ਰੀ ਰਾਮ ਚੰਦਰ, ਤੀਰ ਕਮਾਨ ਧਾਰ ਕੇ ਦਰਸ਼ਨ ਦਿਤੇ । ਪੰਡਤ ਸ਼ਿਵ ਨਾਥ ਨਿਹਾਲ ਹੋ ਗਿਆ ਅਤੇ ਮਸਤ ਹੋ ਕੇ ਸਾਰੇ ਪਟਨੇ ਦੀਆਂ ਗਲੀਆਂ ਵਿਚ ਉੱਚੀ-ਉੱਚੀ ਹੋਕਾ ਦਿੰਦਾ ਫਿਰੇ, "ਲੋਕੋ ! ਰਾਮ ਚੰਦਰ ਜੀ ਦੇ ਦਰਸ਼ਨ ਗੋਬਿੰਦ ਰਾਇ ਵਿਚੋਂ ਕਰੋ । ਇਹੋ ਹੀ ਸ੍ਰੀ ਰਾਮ ਹੈ, ਇਹੋ ਹੀ ਸ੍ਰੀ ਕ੍ਰਿਸ਼ਨ ਹੈ, ਸਭ ਕੁਝ ਇਹੋ ਹੀ ਹੈ"।

# 'ਦਸਵੀਂ ਪਾਤਸ਼ਾਹੀ'
## ਸਾਖੀ- ੫
## (ਪੁੱਤਰਾਂ ਦਾ ਵਰ)

ਸ਼ਹਿਰ ਵਿੱਚ ਇਕ ਸ਼ਾਹੂਕਾਰ ਰਹਿੰਦਾ ਸੀ । ਉਸਦੇ ਘਰ ਸੰਤਾਨ ਨਹੀਂ ਸੀ ਹੁੰਦੀ । ਉਹ ਦੋਵੇਂ ਜੀਅ ਬੜੇ ਦੁਖੀ ਰਹਿੰਦੇ ਸਨ । ਉਸਨੇ ਜਦ ਆਪ ਜੀ ਦੀ ਕੀਰਤੀ ਸੁਣੀ ਤਾਂ ਉਸਦੀ ਪਤਨੀ ਆਪਣੀ ਸੱਸ ਨੂੰ ਨਾਲ ਲੈ ਕੇ ਮਾਤਾ ਜੀ ਪਾਸ ਆਈ । ਉਸਦੀ ਸੱਸ ਨੇ ਮਾਤਾ ਜੀ ਨੂੰ ਸਾਰੀ ਗੱਲ ਦੱਸੀ । ਅਜੇ ਉਹ ਗੱਲ ਕਰ ਹੀ ਰਹੀ ਸੀ ਕਿ ਸਤਿਗੁਰੂ ਜੀ ਵਿਹੜੇ ਵਿਚ ਖੇਡਦੇ-ਖੇਡਦੇ ਮਾਤਾ ਜੀ ਦੀ ਗੋਦ ਵਿਚ ਬੈਠ ਗਏ । ਮਾਤਾ ਜੀ ਨੇ ਗੋਦੀ ਚੁੱਕ ਕੇ ਪਿਆਰ ਕੀਤਾ ਅਤੇ ਕਿਹਾ, "ਬੇਟਾ ! ਇਹ ਗੁਰੂ ਨਾਨਕ ਜੀ ਦੇ ਸਮੇਂ ਤੋਂ ਗੁਰੂ ਘਰ ਦੇ ਸਿੱਖ ਹਨ । ਇਹਨਾਂ ਦੀ ਮੁਰਾਦ ਪੂਰੀ ਕਰੋ । ਇਹਨਾਂ ਦੇ ਘਰ ਬਾਲਕ ਹੋਵੇ" ।

ਮਾਤਾ ਜੀ ਦੀ ਗੱਲ ਸੁਣ ਕੇ ਆਪ ਹੱਸ ਪਏ ਅਤੇ ਕਿਹਾ, "ਮਾਤਾ ਜੀ ! ਪਹਿਲਾਂ ਇਹ ਆਪਣੀ ਬੇੜੀ ਮੈਨੂੰ ਦਰਿਆ ਵਿਚ ਸੈਰ ਕਰਨ ਵਾਸਤੇ ਦੇਣਗੇ ਤਾਂ ਮੈ ਇਹਨਾਂ ਨੂੰ ਪੁੱਤਰ ਦਾ ਵਰ ਦਿਆਂਗਾ"। ਆਪ ਜੀ ਦੀ ਇਹ ਭੋਲੀ-ਭਾਲੀ ਗੱਲ ਸੁਣ ਕੇ ਸਭ ਖਿੜ-ਖਿੜਾ ਕੇ ਹੱਸ ਪਏ । ਸ਼ਾਹੂਕਾਰ ਦੀ ਮਾਤਾ ਨੇ ਕਿਹਾ ਕਿ ਤੁਸੀਂ ਸਾਡੀ ਜਿਹੜੀ ਬੇੜੀ ਪਸੰਦ ਕਰੋ, ਉਹੀ ਲੈ ਲਵੋ । ਇਹ ਸਭ ਤੁਹਾਡੀਆਂ ਹੀ ਹਨ । ਅਸੀਂ ਤਾਂ ਕੇਵਲ ਇਹਨਾਂ ਦੇ ਰਾਖੇ ਹਾਂ ।

ਸ਼ਾਹੂਕਾਰਨੀ ਦੀ ਇਹ ਗੱਲ ਸੁਣ ਕੇ ਆਪ ਜੀ ਨੇ ਮਾਤਾ ਜੀ ਦੀ ਗੋਦ ਵਿਚੋਂ ਉੱਠ ਕੇ ਹੱਥ ਵਿੱਚ ਛੜੀ ਫੜ੍ਹ ਕੇ ਉਸ ਇਸਤਰੀ ਦੇ ਸਿਰ ਉੱਤੇ ਇਕ, ਦੋ, ਤਿੰਨ, ਚਾਰ, ਪੰਜ ਵਾਰੀ ਛੁਹਾਈ ਅਤੇ ਬਚਨ ਕੀਤਾ ਕਿ ਇਸ ਦੇ ਘਰ ਪੰਜ ਪੁੱਤਰ ਹੋਣਗੇ ।

ਇਹ ਵਰਦਾਨ ਲੈ ਕੇ ਸ਼ਾਹੂਕਾਰਨੀ ਆਪਣੀ ਨੂੰਹ ਨੂੰ ਲੈ ਕੇ ਖੁਸ਼ੀ-ਖੁਸ਼ੀ ਘਰ ਚਲੀ ਗਈ । ਸਮੇਂ ਅਨੁਸਾਰ ਸਤਿਗੁਰੂ ਜੀ ਦੀ ਕਿਰਪਾ ਨਾਲ ਉਸ ਦੇ ਘਰ ਪੰਜ ਪੁੱਤਰ ਹੋਏ, ਜੋ ਆਪਣੀ ਨੇਕੀ ਕਾਰਨ ਪ੍ਰਸਿੱਧ ਹੋਏ ।

## 'ਦਸਵੀਂ ਪਾਤਸ਼ਾਹੀ'
## ਸਾਖੀ– ੬
## (ਮਨੁੱਖੀ ਧਰਮ)

ਇਕ ਵਾਰ ਸਤਿਗੁਰੂ ਗੋਬਿੰਦ ਸਿੰਘ ਜੀ ਨੂੰ ਪਿਆਸ ਲੱਗੀ । ਜਲ ਮੰਗਣ ਤੇ ਇਕ ਸਿੱਖ ਪਾਣੀ ਲੈ ਆਇਆ ਫਟਾਫਟ । ਜਦੋਂ ਸਤਿਗੁਰੂ ਜੀ ਜਲ ਛਕਣ ਲੱਗੇ ਤਾਂ ਆਪ ਜੀ ਦੀ ਨਜ਼ਰ ਉਸ ਸਿੱਖ ਦੇ ਹੱਥਾਂ ਉੱਤੇ ਪੈ ਗਈ । ਸਤਿਗੁਰਾਂ ਪੁਛਿਆ, "ਬਈ ਸਿੱਖਾ, ਤੇਰੇ ਹੱਥ ਬੜੇ ਕੋਮਲ ਹਨ । ਉਹ ਸਿੱਖ ਬੜੇ ਹੰਕਾਰ ਨਾਲ ਕਹਿੰਦਾ ਹੈ– "ਜੀ ਮੇਰੇ ਘਰ ਬੜੇ ਨੌਕਰ ਹਨ । ਮੈਨੂੰ ਕਦੇ ਕੋਈ ਕੰਮ ਨਹੀਂ ਕਰਨਾ ਪੈਂਦਾ । ਮੈਂ ਕਦੀ ਆਪਣਾ ਕੰਮ ਵੀ ਨਹੀਂ ਕੀਤਾ । ਇਸੇ ਕਰਕੇ ਮੇਰੇ ਹੱਥ ਕੋਮਲ ਹਨ । ਬਸ ਅੱਜ ਤੁਹਾਨੂੰ ਹੀ ਜਲ ਛਕਾਉਣ ਲਗਾ ਹਾਂ" ।

ਇਹ ਸੁਣ ਕੇ ਸਤਿਗੁਰੂ ਜੀ ਨੇ ਜਲ ਵਾਲਾ ਭਾਂਡਾ ਵਾਪਸ ਕਰਦਿਆਂ ਬਚਨ ਕੀਤਾ, "ਜਿਹੜੇ ਹੱਥਾਂ ਨੇ ਕਦੇ ਮਿਹਨਤ ਨਹੀਂ ਕੀਤੀ, ਕਦੇ ਸੇਵਾ ਨਹੀਂ ਕੀਤੀ, ਭਲਾ ਉਹ ਹੱਥ ਪਵਿੱਤਰ ਕਿਵੇਂ ਹੋ ਸਕਦੇ ਹਨ । ਜਾਹ, ਲੈ ਜਾ ਜਲ, ਮੈਂ ਤੇਰੇ ਅਪਵਿੱਤਰ ਹੱਥਾਂ ਤੋਂ ਜਲ ਨਹੀਂ ਛਕਣਾ। ਪਵਿੱਤਰਤਾ ਤਾਂ ਮਿਹਨਤ ਅਤੇ ਸੇਵਾ ਤੋਂ ਹੀ ਪ੍ਰਾਪਤ ਹੋ ਸਕਦੀ ਹੈ । ਆਪ ਵੀ ਮਿਹਨਤ ਕਰੋ ਅਤੇ ਦੂਜਿਆਂ ਦੀ, ਜ਼ਰੂਰਤਮੰਦਾਂ ਦੀ ਸੇਵਾ ਕਰੋ"। ਇਹ ਉਪਦੇਸ਼ ਸੁਣ ਕੇ ਸਿੱਖ ਨਤ-ਮਸਤਕ ਹੋ ਗਿਆ ।

ਸਤਿਗੁਰੂ ਜੀ ਇਤਨੇ ਸੇਵਕਾਂ ਦੇ ਹੁੰਦਿਆਂ ਵੀ ਆਪ ਕਾਰਜ ਕਰਦੇ, ਸੇਵਾ ਕਰਦੇ ਕਿਉਂਕਿ ਆਪ ਮਿਹਨਤ ਅਤੇ ਸੇਵਾ ਕਰਨਾ ਮਨੁੱਖੀ ਧਰਮ ਸਮਝਦੇ ਸਨ ।

# 'ਦਸਵੀਂ ਪਾਤਸ਼ਾਹੀ'
## ਸਾਖੀ- ੭
## (ਹਵਨ ਕਰਨਾ)

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਕੇਸ਼ੋ ਦਾਸ ਪੰਡਤ ਦੀ ਨਿਗਰਾਨੀ ਹੇਠ ਨੈਣਾਂ ਦੇਵੀ ਦੇ ਟਿੱਲੇ 'ਤੇ ਹਵਨ ਅਰੰਭਿਆ । ਪੰਡਤ ਨੇ ਜਿੰਨੀ-ਜਿੰਨੀ ਸਮਗਰੀ ਆਖੀ, ਆਉਂਦੀ ਗਈ । ਸਤਿਗੁਰੂ ਜੀ ਨੇ ਆਪ ਵੀ ਹਵਨ ਵਿੱਚ ਹਿੱਸਾ ਲਿਆ । ਆਪ ਸਾਦਾ ਭੋਜਨ ਛਕਦੇ । ਭੁੰਜੇ ਬਰਾਜਦੇ ਸਨ । ਜਿਨਾਂ ਚਿਰ ਪ੍ਰਯੋਗ ਵਿਚ ਰਹੇ, ਬ੍ਰਹਮਚਰਯਾ ਧਾਰਨ ਰੱਖਿਆ । ਕਈ-ਕਈ ਵੇਰ ਅੱਠ-ਅੱਠ, ਦਸ-ਦਸ ਘੰਟੇ ਮੰਤਰ ਪੜ੍ਹਦੇ ਰਹਿੰਦੇ ।

ਇਕ ਦਿਨ ਸਤਿਗੁਰੂ ਜੀ ਸ਼ਿਕਾਰ ਤੇ ਗਏ ਅਤੇ ਕੁਝ ਪੰਛੀਆਂ ਨੂੰ ਫੜ੍ਹ ਲਿਆਏ । ਪੰਡਤ ਨੇ ਕਿਹਾ, "ਜੀ, ਪ੍ਰਯੋਗ ਸਮੇਂ ਹਿੰਸਾ ਨਹੀਂ ਕਰਨੀ ਚਾਹੀਦੀ । ਸਤਿਗੁਰੂ ਜੀ ਨੇ ਉਸੇ ਵੇਲੇ ਸਿੰਘਾਂ ਨੂੰ ਹੁਕਮ ਦਿਤਾ ਕਿ ਸਭ ਸ਼ਿਕਾਰਾਂ ਦੀਆਂ ਰੱਸੀਆਂ ਖੋਲ੍ਹ ਦਿਓ। ਰੱਸੀਆਂ ਖੋਲ੍ਹਣ ਦੀ ਦੇਰ ਸੀ ਕਿ ਭੱਜਣ ਵਾਲੇ ਭੱਜ ਗਏ, ਉੱਡਣ ਵਾਲੇ ਉੱਡ ਗਏ । ਇਹ ਚਮਤਕਾਰ ਵੇਖ ਕੇ ਪੰਡਤ ਹੋਰ ਵੀ ਸ਼ਰਧਾਲੂ ਬਣ ਗਿਆ ।

ਇਹ ਹਵਨ ਲਗਭਗ ੧੧ ਮਹੀਨੇ ਚੱਲਿਆ । ਇਸ ਸਮੇਂ ਵਿਚ ਕਈ ਸ਼ਕਤੀਆਂ ਨੇ ਸਤਿਗੁਰੂ ਜੀ ਨੂੰ ਡੁਲਾਉਣ ਦਾ ਜਤਨ ਕੀਤਾ ਪਰ ਸਤਿਗੁਰੂ ਜੀ ਅਡੋਲ ਰਹੇ । ਪੰਡਤ ਨੇ ਕਿਹਾ, "ਜੀ ਯੱਗ ਵਿੱਚ ਕਿਸੇ ਮਹਾਂ ਪੁਰਖ ਦੀ ਬਲੀ ਚਾਹੀਦੀ ਹੈ । ਸਤਿਗੁਰੂ ਜੀ ਬਚਨ ਕੀਤਾ, ਆਪ ਨਾਲੋਂ ਹੋਰ ਕਿਹੜਾ ਵਿਸ਼ੇਸ਼ ਹੈ । ਤੁਸੀਂ ਬਲੀ ਵਾਸਤੇ ਤਿਆਰ ਹੋ ਜਾਉ" । ਇਹ ਸੁਣ ਕੇ ਪੰਡਤ ਉਥੋਂ ਖਿਸਕ ਗਿਆ।

ਅੰਤ ਨੂੰ ਸਤਿਗੁਰੂ ਜੀ ਨੇ ਸਾਰੀ–ਸਮਗਰੀ ਹਵਨ ਕੁੰਡ ਵਿੱਚ ਪਾ ਦਿਤੀ । ਬੜੀ ਗਰਜ ਹੋਈ ਅਤੇ ਬਿਜਲੀਆਂ ਦਾ ਲਿਸ਼ਕਾਰਾ ਹੋਇਆ । ਹਵਨ ਵਿਚੋਂ ਇਕ ਦੇਵੀ ਪ੍ਰਗਟ ਹੋਈ ਅਤੇ ਉਸ ਨੇ ਸਤਿਗੁਰੂ ਜੀ ਨੂੰ ਤਲਵਾਰ ਦਿਤੀ । ਉਸ ਵੇਲੇ ਸਤਿਗੁਰੂ ਜੀ ਦੇ ਚਿਹਰੇ ਦਾ ਜਲਾਲ ਝੱਲਿਆ ਨਹੀਂ ਸੀ ਜਾਂਦਾ ।

ਅਨੰਦਪੁਰ ਵਿਚ ਬੜੀਆਂ ਖੁਸ਼ੀਆਂ ਹੋਈਆਂ । ਪ੍ਰਸ਼ਾਦ ਦੇ ਖੁਲ੍ਹੇ ਗੱਫੇ ਵਰਤਾਏ ਗਏ । ਇਸ ਹਵਨ ਵਿਚ ਸਵਾ ਲੱਖ ਰੁਪਏ ਦੇ ਕਰੀਬ ਸਮਗਰੀ ਖਰਚ ਹੋਈ ।

## 'ਦਸਵੀਂ ਪਾਤਸ਼ਾਹੀ'
## ਸਾਖੀ- ੮
## (ਪੰਜ ਪਿਆਰੇ ਸਾਜਣੇ)

ਇਕ ਵੇਰ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਕੇਸਗੜ੍ਹ ਸਥਾਨ ਤੇ ਵਿਸਾਖੀ ਦੇ ਮੌਕੇ 'ਤੇ ਵੱਡੇ ਦਿਵਾਨ ਦਾ ਐਲਾਨ ਕੀਤਾ । ਬੇਸ਼ੁਮਾਰ ਸੰਗਤਾਂ ਦੂਰੋ-ਦੂਰੋਂ ਆਈਆਂ । ਦਰਬਾਰ ਚੰਗਾ ਭਰ ਗਿਆ । ਸਤਿਗੁਰੂ ਜੀ ਸ਼ਸਤਰ ਬਸਤਰ ਸਜਾ ਆ ਦਰਸ਼ਨ ਦਿਤੇ । ਮਿਆਨ ਵਿਚੋਂ ਤਲਵਾਰ ਕੱਢ ਕੇ ਉੱਚੀ ਸਾਰੀ ਆਖਿਆ, "ਇਹ ਤਲਵਾਰ ਸੀਸ ਮੰਗਦੀ ਹੈ । ਹੈ ਕੋਈ ਐਸਾ ਜੋ ਇਸ ਦੀ ਮੰਗ ਪੂਰੀ ਕਰੇ। ਹਰ ਪਾਸੇ ਸਨਾਟਾ ਛਾ ਗਿਆ । ਦੁਬਾਰਾ ਫੇਰ ਹੁਕਮ ਕੀਤਾ । ਕੋਈ ਨਹੀਂ ਉਠਿਆ । ਜਦੋਂ ਤੀਜੀ ਵਾਰੀ ਹੁਕਮ ਕੀਤਾ ਤਾਂ ਲਾਹੌਰ ਨਿਵਾਸੀ ਦਇਆ ਰਾਮ ਉਠਿਆ ਅਤੇ ਸਤਿਗੁਰੂ ਜੀ ਅੱਗੇ ਸਿਰ ਨਿਵਾ ਕੇ ਖੜ੍ਹਾ ਹੋ ਗਿਆ । ਸਤਿਗੁਰੂ ਜੀ ਨੇ ਲਿਸ਼ਕਦੀ ਤਲਵਾਰ ਘੁਮਾਈ ਅਤੇ ਦਇਆ ਰਾਮ ਦੇ ਸਿਰ ਤੇ ਚਲਾ ਦਿਤੀ । ਉਸਦਾ ਧੜ ਉਹ ਜਾ ਪਿਆ । ਸਭ ਪਾਸੇ ਸਹਿਮ ਛਾ ਗਿਆ ।

ਦੂਜੀ ਵੇਰ ਫੇਰ ਇਹੋ ਸ਼ਬਦ ਉਚਾਰੇ ਤਾਂ ਭਾਈ ਧਰਮ ਚੰਦ ਅੱਗੇ ਆ ਖਲੋਤਾ । ਸਤਿਗੁਰੂ ਜੀ ਨੇ ਉਸਦਾ ਸਿਰ ਵੀ ਕਲਮ ਕਰ ਦਿਤਾ । ਹੁਣ ਦਿਵਾਨ ਵਿਚੋਂ ਕਮਜ਼ੋਰ ਖਿਸਕਣੇ ਸ਼ੁਰੂ ਹੋ ਗਏ । ਇਸੇ ਤਰ੍ਹਾਂ ਵਾਰੀ-ਵਾਰੀ ਜਗਨਨਾਥ ਪੁਰੀ ਨਿਵਾਸੀ ਹਿੰਮਤ ਰਾਇ, ਦੁਆਰਕਾ ਨਿਵਾਸੀ ਮੁਹਕਮ ਚੰਦ ਅਤੇ ਬਿਦਰ ਨਿਵਾਸੀ ਸਾਹਿਬ ਰਾਮ ਆਦਿ ਨੇ ਗੁਰੂ ਚਰਨਾਂ ਵਿਚ ਸੀਸ ਦੇ ਕੇ ਆਪਣਾ ਆਪ ਨਿਛਾਵਰ ਕਰ ਦਿਤਾ ।

ਸਤਿਗੁਰੂ ਜੀ ਨੇ ਤਲਵਾਰ ਨਾਲ ਸੀਸ ਧੜ ਤੋਂ ਅਲੱਗ ਕਰ ਦਿਤੇ । ਪੰਜ ਧੜ ਅਤੇ ਸੀਸ ਸਟੇਜ ਕੋਲ ਡਿੱਗੇ ਪਏ ਸਨ । ਸਾਰੀ ਸੰਗਤ ਹੈਰਾਨ ਬੈਠੀ ਸੀ ।

ਉਹਨਾਂ ਦੀ ਹੈਰਾਨੀ ਦੀ ਉਦੋਂ ਹੱਦ ਨਾ ਰਹੀ ਜਦੋਂ ਸਤਿਗੁਰੂ ਜੀ ਨੇ ਕਿਸੇ ਦੇ ਧੜ ਨਾਲ ਕਿਸੇ ਦਾ ਸੀਸ ਜੋੜ ਦਿਤਾ । ਪੰਜੇ ਜਿੰਦਾ ਹੋ ਗਏ । ਸਤਿਗੁਰੂ ਜੀ ਨੇ ਆਪਣੇ ਗਲ ਨਾਲ ਲਾ ਕੇ ਆਖਿਆ ਕਿ ਇਹ ਮੇਰੇ ਪੰਜ ਪਿਆਰੇ ਹਨ । ਇਸ ਘਟਨਾ ਦਾ ਜ਼ਿਕਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਉਪਦੇਸ਼ ਵਿਚ ਵੀ ਹੈ । ਗੁਰਬਾਣੀ ਅਨੁਸਾਰ ਵੀ ਸਾਬਤ ਹੁੰਦਾ ਹੈ ਕਿ ਸਤਿਗੁਰ ਮੇਰਾ ਮਾਰ ਜੀਵਾਲੈ॥

ਫੇਰ ਸਤਿਗੁਰੂ ਜੀ ਨੇ ਬਾਟੇ ਵਿਚ ਅੰਮ੍ਰਿਤ ਤਿਆਰ ਕੀਤਾ । ਇਹਨਾਂ ਪੰਜਾਂ ਸਿੱਖਾਂ ਨੂੰ ਸ਼ਸਤਰ-ਬਸਤਰ ਸਜਾ ਕੇ ਅੰਮ੍ਰਿਤ ਛਕਾਇਆ। ਉਹਨਾਂ ਦੇ ਨਾਵਾਂ ਨਾਲੋਂ ਰਾਮ ਜਾਂ ਦਾਸ ਸ਼ਬਦ ਹਟਾ ਕੇ 'ਸਿੰਘ' ਸ਼ਬਦ ਜੋੜ ਦਿਤਾ । ਸਿੰਘ ਤੋਂ ਭਾਵ ਹੈ- ਸ਼ੇਰ । ਸ਼ੇਰ ਬਣਾ ਦਿਤਾ ।

ਸਤਿਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਣਾ ਸੀ, ਅੰਮ੍ਰਿਤ ਦੀ ਸ਼ਕਤੀ ਦਾ ਪ੍ਰਤੱਖ ਪ੍ਰਮਾਣ ਦੇਣਾ ਸੀ, ਤਾਂ ਹੀ ਉਹਨਾਂ ਨੇ ਇਹ ਕਾਰਜ ਕੀਤਾ ਸੀ ।

## ਗਿਆਰ੍ਹਵੀਂ ਪਾਤਸ਼ਾਹੀ
## ਸਤਿਗੁਰੂ ਬਾਲਕ ਸਿੰਘ ਜੀ



| | | |
|---|---|---|
| ਅਵਤਾਰ | : | ਫੱਗਣ ਸੁਦੀ ਪੂਰਨਮਾਸ਼ੀ ਸੰਮਤ ੧੮੪੧ ਬਿਕਰਮੀ ਮਾਰਚ ੧੭੮੫ ਈ. । |
| ਅਸਥਾਨ | : | ਸਰਵਾਲਾ (ਅਟਕ) |
| ਪਿਤਾ | : | ਬਾਬਾ ਦਿਆਲ ਸਿੰਘ ਜੀ |
| ਮਾਤਾ | : | ਮਾਤਾ ਭਾਗਭਰੀ ਜੀ |
| ਮਹਿਲ | : | ਤੋਤੀ ਜੀ |
| ਜੋਤੀ ਜੋਤ | : | ਮੱਘਰ ਸੁਦੀ ਪੂਰਨਮਾਸੀ ਸੰਮਤ ੧੯੧੯ ਬਿਕਰਮੀ ਹਜਰੋਂ ੧੮੬੨ ਈ. । |

# 'ਗਿਆਰ੍ਹਵੀਂ ਪਾਤਸ਼ਾਹੀ'
## ਸਾਖੀ- ੧
## (ਜੀਵਨ)

ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਅਵਤਾਰ ਫੱਗਣ ਸੁਦੀ ਪੂਰਨਮਾਸ਼ੀ ਨੂੰ ਬਾਬਾ ਦਿਆਲ ਸਿੰਘ ਜੀ ਦੇ ਘਰ ਮਾਤਾ ਭਾਗਭਰੀ ਦੀ ਕੁੱਖੋਂ ਪਿੰਡ ਸਰਵਾਲਾ ਵਿਚ ਹੋਇਆ । ਅਜਿੱਤੇ ਰੰਧਾਵੇ ਦੀ ਗੋਸ਼ਟਿ (ਜਨਮ ਸਾਖੀ ਭਾਈ ਬਾਲਾ ਜੀ) ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੁਕਮ ਕੀਤਾ:

''ਸਾਰਾ ਕਲਿਜੁਗ ਭੋਗਸੀ ਨਾਨਕ ਧਰ ਅਵਤਾਰ ॥

ਗੁਪਤ ਗਿਆਰਵਾਂ ਖੇਲਸੀ ਕੋਈ ਨ ਪਾਵੈ ਪਾਰ ॥

ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਪਹਿਲੇ ਦਰਜੇ ਦੇ ਸ਼ਾਂਤ ਅਤੇ ਗੰਭੀਰ ਸਨ । ਆਪ ਨੇ ਪੱਥਰ ਧਰਤੀ ਨੂੰ ਤਾਰਿਆ । ਇਸ ਧਰਤੀ ਤੋਂ ਲੰਘ-ਲੰਘ ਕੇ ਜਰਵਾਣੇ ਦੇਸ਼ ਦਾ ਧਨ ਲੁੱਟਿਆ ਕਰਦੇ ਸਨ । ਇਸੇ ਵਾਸਤੇ ਇਥੋਂ ਦੇ ਵਸਨੀਕ ਬੜੇ ਨਿਰਦਈ ਅਤੇ ਅੱਖੜ ਸਨ ਪਰ ਸਤਿਗੁਰੂ ਬਾਲਕ ਸਿੰਘ ਜੀ ਨੇ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਅੰਦਰ ਐਸੀ ਕਿਰਪਾ ਕੀਤੀ ਕਿ ਉਹ ਸਾਧੂ ਬਣ ਗਏ । ਇਹ ਪਹਿਰਾਂ ਬੱਧੀ ਭਜਨ ਵਿੱਚ ਲਿਵਲੀਨ ਰਹਿੰਦੇ । ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਤੋਂ ਰੱਬੀ ਦਾਤ ਪ੍ਰਾਪਤ ਕਰਕੇ ਸੱਤ ਕਰਮ ਦਾ ਪ੍ਰਚਾਰ ਕੀਤਾ । ਆਪ ਜੀ ਦੀ ਕਿਰਪਾ ਨਾਲ ਸ਼ਰਾਬੀ, ਕਬਾਬੀ, ਹੁੱਕਈ ਸਭ ਦੇਵਤੇ ਬਣ ਗਏ ।

ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਨਿਵਾਸ ਬਹੁਤ ਚਿਰ ਹਜਰੋਂ ਸਾਹਿਬ ਹੀ ਰਿਹਾ । ਆਪ ਜੀ ਨੇ ਸਿੱਖਾਂ ਨੂੰ ਨਾਮ-ਬਾਣੀ ਅਤੇ ਕੀਰਤਨ ਵੱਲ ਲਾਇਆ । ਆਪ ਜੀ ਨੇ ਆਸਾ ਦੀ ਵਾਰ, ਕਥਾ-ਕੀਰਤਨ ਦਾ ਪ੍ਰਵਾਹ ਚਲਾ ਦਿਤਾ ਜਿਸ ਤੋਂ ਅਨੇਕਾਂ ਪ੍ਰਾਣੀਆਂ ਨੇ ਪ੍ਰਭਾਵਿਤ ਹੋ ਕੇ ਸਤਿਗੁਰੂ ਜੀ ਤੋਂ ਨਾਮ ਦੀ ਦਾਤ ਲੈ ਕੇ

ਆਪਣਾ ਜਨਮ ਸਫਲ ਕੀਤਾ ।

ਮਾਝ ਕੀ ਵਾਰ ਪੰਨਾ ਨੰ ੧੫0

"ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ ॥"

ਅਨੁਸਾਰ ਸਣੇ ਕੇਸੀਂ ਇਸ਼ਨਾਨ ਕਰਨ ਦਾ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਵਿਸ਼ੇਸ਼ ਹੁਕਮ ਸੀ । ਆਪ ਜੀ ਨੇ ਫੁਰਮਾਇਆ ਕਿ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਗਾਇਨ ਕਰਨ ਜਾਂ ਸੁਨਣ ਵਾਲਾ ਜੇ ਸਣੇ ਕੇਸੀਂ ਇਸ਼ਨਾਨ ਨਹੀਂ ਕਰਦਾ ਤਾਂ ਉਸ ਨੂੰ ਪੁੰਨ ਦੀ ਥਾਂ ਪਾਪ ਲਗਦਾ ਹੈ ਅਰਥਾਤ ਸਣੇ ਕੇਸੀਂ ਇਸ਼ਨਾਨ ਨਾ ਕਰਨ ਨਾਲ ਗੁਰਬਾਣੀ ਦਾ ਸਤਿਕਾਰ ਨਹੀਂ ਰਹਿੰਦਾ ।

## 'ਗਿਆਰ੍ਹਵੀਂ ਪਾਤਸ਼ਾਹੀ'
## ਸਾਖੀ- ੨
## (ਗੁਮਾਨੀ ਦਾ ਗੁਮਾਨ ਤੋੜਨਾ)

ਹਜਰੋਂ ਵਿੱਚ ਗੁਮਾਨੀ ਨਾਂ ਦਾ ਮਹੰਤ ਠਾਕੁਰਦੁਆਰੇ ਦੀ ਸੇਵਾ ਕਰਦਾ ਹੁੰਦਾ ਸੀ । ਇਕ ਦਿਨ ਉਹਨਾਂ ਦੇ ਕੁਝ ਸਾਥੀਆਂ ਵਿੱਚ ਸ੍ਰੀ ਸਤਿਗੁਰੂ ਜੀ ਬਾਰੇ ਚਰਚਾ ਚੱਲ ਪਈ । ਕਈ ਆਖਣ ਅਰੋੜਾ ਗੁਰੂ ਨਹੀਂ ਹੋ ਸਕਦਾ । ਜਗਤ ਦੀ ਭੇਡ ਚਾਲ ਹੈ । ਇਕ ਭੇਡ ਖੂਹ ਵਿਚ ਡਿੱਗੇ ਤਾਂ ਦੂਜੀ ਵੀ ਡਿਗਦੀ ਹੈ । ਜਿੰਨੇਂ ਮੂੰਹ ਉਨੀਆ ਹੀ ਗੱਲਾਂ । ਆਖਰ ਫੈਸਲਾ ਹੋਇਆ ਕਿ ਦੋ ਆਦਮੀ ਜਾਣ, ਜਿਹੜੇ ਇਹ ਪਤਾ ਕਰਨ ਕਿ ਬਾਲਕ ਸਿੰਘ ਦੱਸਦਾ ਕੀ ਹੈ?

ਦੋ ਜਣੇ ਗਏ । ਉਹਨਾਂ ਨੂੰ ਭਜਨ ਦੱਸਿਆ ਗਿਆ । ਉਹਨਾਂ ਨੂੰ ਇੰਨਾਂ ਰੰਗ ਚੜ੍ਹਿਆ ਕਿ ਉਹ ਵਾਪਸ ਹੀ ਨਾ ਮੁੜੇ । ਫੇਰ ਹੋਰ ਦੋ ਆਏ । ਉਹ ਵੀ ਉਥੇ ਹੀ ਰਹਿ ਗਏ । ਤੀਜੀ ਵਾਰ ਹੋਰ ਗਏ, ਉਹ ਵੀ ਨਾ ਪਰਤੇ । ਆਖਰ ਗੁਮਾਨੀ ਪੰਡਤ ਆਪ ਗਿਆ । ਸਤਿਗੁਰੂ ਜੀ ਜਾਂਦਿਆਂ ਹੀ ਬਚਨ ਕੀਤਾ, "ਗੁਮਾਨੀ ਛੇਤੀ ਭਜਨ ਲੈ ਲੈ । ਤੇਰੇ ਸਾਥੀ ਤੈਨੂੰ ਉਡੀਕ ਰਹੇ ਹਨ"। ਗੁਮਾਨੀ ਨੂੰ ਇਕ ਤਾਂ ਆਪਣੇ ਸਾਥੀਆਂ ਨੂੰ ਅੱਖਾਂ ਬੰਦ ਕਰ ਭਜਨ ਕਰਦੇ ਵੇਖ ਕੇ ਹੈਰਾਨਗੀ ਹੋਈ । ਦੂਜੇ ਸਤਿਗੁਰੂ ਜੀ ਦੀ ਅੰਤਰਜਾਮਤਾ ਵੇਖ ਕੇ ਹੈਰਾਨ ਰਹਿ ਗਿਆ ।

ਗੁਮਾਨੀ ਭਜਨ ਲੈ ਵਾਪਸ ਮੁੜਿਆ । ਅੱਗੇ ਸਾਥੀ ਉਡੀਕ ਰਹੇ ਸਨ । ਗੁਮਾਨੀ ਨੂੰ ਵੇਖ ਕੇ ਉਹ ਕਹਿੰਦੇ, ਦੱਸ ਕੀ ਦੱਸਿਆ ਹੈ ਬਾਲਕ ਸਿੰਘ ਨੇ? ਪਰ ਜਦੋਂ ਗੁਮਾਨੀ ਨੇ ਭਜਨ ਦੱਸਣ ਤੋਂ ਮਨਾ ਕਰ ਦਿਤਾ ਤਾਂ ਉਹਨਾਂ ਗੁੱਸੇ ਵਿੱਚ ਉਹਨੂੰ ਫੜ ਲਿਆ । ਕਿਸੇ ਲੱਤੋਂ, ਕਿਸੇ ਬਾਹੋਂ ਫੜ੍ਹ ਲੱਗੇ ਧੱਕਾ-ਮੁੱਕੀ ਕਰਨ ਪਰ ਗੁਮਾਨੀ ਨੇ ਕੁਝ ਨਾ ਦੱਸਿਆ । ਅੰਤ ਹਾਰ ਕੇ ਛੱਡ ਦਿਤਾ । ਗੁਮਾਨੀ ਸਤਿਗੁਰੂ ਜੀ ਕੋਲ ਗਿਆ ਅਤੇ ਸਾਰੀ ਗੱਲ ਦੱਸੀ । ਗੁਰੂ ਜੀ ਬਚਨ ਕੀਤਾ, "ਗੁਮਾਨੀ ਸਬਰ ਕਰ,

ਗੁਰੂ ਭਲੀ ਕਰਸੀ"।

ਉਧਰ ਜਦੋਂ ਗੁਮਾਨੀ ਨੂੰ ਮਾਰਨ ਵਾਲੇ ਰਾਤ ਨੂੰ ਸੁੱਤੇ ਤਾਂ ਕੀ ਵੇਖਦੇ ਹਨ ਕਿ ਉਹ ਸਾਰੇ ਧਰਮ ਰਾਜ ਦੀ ਕਚਹਿਰੀ ਵਿੱਚ ਖੜ੍ਹੇ ਹਨ ਅਤੇ ਧਰਮ ਰਾਜ ਦਾ ਹੁਕਮ ਪਾ ਕੇ ਦੂਤਾਂ ਨੇ ਉਹਨਾਂ ਨੂੰ ਕੁੱਟਣਾ ਸ਼ੁਰੂ ਕਰ ਦਿਤਾ । ਬੜਾ ਘਬਰਾਏ । ਦੂਤਾਂ ਕਿਹਾ, "ਜਾ ਕੇ ਗੁਰੂ ਬਾਲਕ ਸਿੰਘ ਜੀ ਤੋਂ ਮਾਫੀ ਮੰਗੋ, ਨਹੀਂ ਤਾਂ ਨਰਕ ਵਿੱਚ ਸੁੱਟ ਦਿਆਂਗੇ"। ਜਦੋਂ ਉਹਨਾਂ ਦੀ ਅੱਖ ਖੁਲ੍ਹੀ ਤਾਂ ਸਭਨਾਂ ਦੇ ਪਾਸੇ ਪੀੜ ਕਰਨ । ਸਵੇਰ ਸਾਰ ਹੀ ਸਤਿਗੁਰੂ ਜੀ ਕੋਲ ਜਾ ਕੇ ਮੁਆਫੀ ਮੰਗ ਭਜਨ ਪੁੱਛ ਲਿਆ ।

ਇਕ ਦਿਨ ਗੁਮਾਨੀ ਕਿਹਾ, "ਦੀਨ ਦਇਆਲ ਭਜਨ ਕਰਾਂ ਜਾਂ ਠਾਕਰ ਸੇਵਾ? ਸਤਿਗੁਰੂ ਜੀ ਬਚਨ ਕੀਤਾ, "ਦੋਵੇਂ ਕਰੀ ਜਾ । ਜਿਹੜਾ ਤਕੜਾ ਹੋਵੇਗਾ, ਆਪੇ ਢਾਹ ਲਏਗਾ"। ਗੁਮਾਨੀ ਖੂਹ ਤੇ ਠਾਕਰਾਂ ਨੂੰ ਨੁਹਾ ਰਿਹਾ ਸੀ । ਉਸਨੂੰ ਐਸੀ ਮਸਤੀ ਆਈ ਕਿ ਠਾਕਰ ਖੂਹ ਵਿਚ ਵਗ੍ਹਾ ਮਾਰੇ ਅਤੇ ਸਤਿਗੁਰੂ ਜੀ ਦੇ ਚਰਨਾਂ 'ਚ ਜਾ ਹਾਜ਼ਰ ਹੋਇਆ । ਫੇਰ ਠਾਕੁਰ ਦੁਆਰੇ ਮੂੰਹ ਨਹੀਂ ਕੀਤਾ ।

## 'ਗਿਆਰ੍ਹਵੀਂ ਪਾਤਸ਼ਾਹੀ'
## ਸਾਖੀ- ੩
## (ਪੂਜਾ ਦਾ ਧਾਨ ਅਤੇ ਜਨਮ ਦਾ ਗੇੜ)

ਇਕ ਦਿਨ ਭਾਈ ਬੂੜਾ ਮਰਦਾਨ ਦਾ ਰਹਿਣ ਵਾਲਾ ਸਤਿਗੁਰੂ ਜੀ ਦੇ ਦਿਵਾਨ ਤੇ ਪੁੱਜਾ ਅਤੇ ਭੀੜ ਵੇਖ ਕੇ ਬਾਹਰ ਹੀ ਖਲੋ ਗਿਆ। ਸਤਿਗੁਰੂ ਜੀ ਹੁਕਮ ਕੀਤਾ- ਬੂੜੇ ਮਰਦਾਨ ਵਾਲੇ ਨੂੰ ਅੱਗੇ ਆਉਣ ਦਾ ਰਾਹ ਦਿਉ । ਬੂੜੇ ਨੂੰ ਰਾਹ ਮਿਲ ਗਿਆ । ਉਸ ਸਤਿਗੁਰੂ ਜੀ ਦੇ ਚਰਨਾਂ ਤੇ ਜਾ ਮੱਥਾ ਟੇਕਿਆ ਪਰ ਮਨ ਅੰਦਰ ਸੋਚੇ ਕਿ ਇਹ ਮੈਨੂੰ ਕਿਵੇਂ ਜਾਣਦੇ ਹਨ? ਮੈਂ ਤਾਂ ਇਹਨਾਂ ਦਾ ਪਹਿਲੀ ਵਾਰ ਦਰਸ਼ਨ ਕਰ ਰਿਹਾ ਹਾਂ । ਸਤਿਗੁਰੂ ਜੀ ਬਚਨ ਕੀਤਾ, ''ਬੂੜਿਆ, ਸਾਡਾ ਅਤੇ ਤੇਰਾ ਜਨਮਾਂ ਦਾ ਮੇਲ ਹੈ, ਇਹ ਪਹਿਲੀ ਵਾਰ ਦਾ ਮੇਲ ਨਹੀਂ''। ਬੂੜਾ ਕਹਿੰਦਾ ਹੈ- ਜੀ ਮੈਨੂੰ ਤਾਂ ਪਤਾ ਨਹੀਂ ।

ਸਤਿਗੁਰੂ ਜੀ ਨੇ ਕੰਡ 'ਤੇ ਹੱਥ ਰੱਖਿਆ ਤਾਂ ਅੰਦਰੋਂ ਚਾਨਣ ਹੋ ਗਿਆ । ਜਨਮ-ਜਨਮ ਦੇ ਪਰਦੇ ਹਟ ਗਏ । ਬੂੜੇ ਕਿਹਾ, ''ਮਹਾਰਾਜ! ਮੈਂ ਪਿਛਲੇ ਜਨਮ ਵਿਚ ਵੀ ਤੁਹਾਡਾ ਸਿੱਖ ਸੀ । ਤੁਹਾਡੀ ਕਿਰਪਾ ਨਾਲ ਭਜਨ ਵੀ ਕਰਦਾ ਸਾਂ ਪਰ ਇਕ ਦਿਨ ਧਰਮਸ਼ਾਲਾ 'ਚੋਂ ਪ੍ਰਸ਼ਾਦਾ ਛਕ ਆਇਆ ਸੀ । ਆਪ ਨੇ ਬਚਨ ਕੀਤਾ ਕਿ ਤੂੰ ਪੂਜਾ ਦਾ ਧਾਨ ਖਾ ਲਿਆ ਹੈ, ਤੈਨੂੰ ਫੇਰ ਜਨਮ ਧਾਰਨਾ ਪਵੇਗਾ । ਮੈਨੂੰ ਬੜੀ ਚਿੰਤਾ ਲੱਗੀ ਪਰ ਆਪ ਨੇ ਕਿਰਪਾ ਕਰਕੇ ਬਚਨ ਕੀਤਾ, ''ਭਾਈ ਤੇਰਾ ਯਾਰਵੇਂ ਜਾਮੇ ਵਿਚ ਉਧਾਰ ਕਰਾਂਗੇ'' ।

ਸੰਗਤ ਇਹ ਸੁਣ ਕੇ ਹੈਰਾਨ ਹੋ ਗਈ । ਸਤਿਗੁਰੂ ਜੀ ਨਾਮ ਦੀ ਦਾਤ ਬਖਸ਼ੀ । ਰੰਗ ਚੜ੍ਹ ਗਿਆ । ਕੁਝ ਦਿਨ ਰਹਿ ਕੇ ਮਰਦਾਨ ਗਿਆ । ਉੱਥੇ ਜਾ ਕੇ ਅਨੇਕਾਂ ਲੋਕਾਂ ਨੂੰ ਸਤਿਗੁਰੂ ਜੀ ਦੀ ਚਰਨੀਂ ਜੋੜਿਆ ।

## ਬਾਰ੍ਹਵੀਂ ਪਾਤਸ਼ਾਹੀ
## ਸ੍ਰੀ ਸਤਿਗੁਰੂ ਰਾਮ ਸਿੰਘ ਜੀ



| | | |
|---|---|---|
| ਅਵਤਾਰ | : | ਮਾਘ ਸੁਦੀ ਪੰਚਮੀ (ਬਸੰਤ) ਸੰਮਤ ੧੮੭੨ ਬਿਕਰਮੀ ਵੀਰਵਾਰ ੩ ਫਰਵਰੀ ੧੮੧੬ ਈ. । |
| ਅਸਥਾਨ | : | ਰਾਈਆਂ (ਲੁਧਿਆਣਾ) |
| ਪਿਤਾ | : | ਬਾਬਾ ਜੱਸਾ ਸਿੰਘ ਜੀ |
| ਮਾਤਾ | : | ਮਾਤਾ ਸਦਾ ਕੌਰ ਜੀ |
| ਮਹਿਲ | : | ਜੱਸਾਂ ਜੀ |
| ਸੰਤਾਨ | : | ਬੀਬੀ ਨੰਦਾਂ ਜੀ, ਬੀਬੀ ਦਇਆ ਕੌਰ ਜੀ |
| ਭਰਾ | : | ਭਾਈ ਬੁੱਧ ਸਿੰਘ ਜੀ (ਸ੍ਰੀ ਸਤਿਗੁਰੂ ਹਰੀ ਸਿੰਘ ਜੀ) |
| ਭੈਣਾਂ | : | ਬੀਬੀ ਰਾਮ ਕੌਰ ਜੀ, ਬੀਬੀ ਸਾਹਿਬ ਕੌਰ ਜੀ |

# 'ਬਾਰ੍ਹਵੀਂ ਪਾਤਸ਼ਾਹੀ'
## ਸਾਖੀ- ੧
## (ਬਚਪਨ)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮਾਘ ਸੁਦੀ ਪੰਚਮੀ ਬਸੰਤ ਵਾਲੇ ਦਿਨ ਸੰਮਤ ੧੮੭੨ ਬਿਕਰਮੀ ਨੂੰ ਰਾਈਆਂ ਪਿੰਡ ਵਿੱਚ ਅਵਤਾਰ ਧਾਰਿਆ । ਦਾਈ ਨੇ ਵੇਖਿਆ ਕਿ ਇਕ ਮਸ਼ਕ ਜਿਹੀ ਜਨਮੀ ਹੈ । ਵਿਹੜੇ ਵਿੱਚ ਟੋਆ ਪੁੱਟ ਕੇ ਦਬਾ ਦਿਤੀ । ਦਾਈ ਆਪਣੇ ਘਰ ਆ ਗਈ । ਮਾਤਾ ਸਦਾ ਕੌਰ ਜੀ ਇਸ਼ਨਾਨ ਕਰ ਪਵਿੱਤਰ ਹੋ ਕੇ ਆਏ ਤਾਂ ਕੀ ਵੇਖਦੇ ਹਨ ਕਿ ਇਕ ਸੁੰਦਰ ਬਾਲ ਪਲੰਘ ਤੇ ਖੇਡ ਰਿਹਾ ਹੈ, ਮਾਤਾ ਜੀ ਕੁਦਰਤ ਦਾ ਇਹ ਰੂਪ ਵੇਖ ਕੇ ਹੈਰਾਨ ਵੀ ਸਨ ਅਤੇ ਖੁਸ਼ ਵੀ । ਬਾਬਾ ਜੱਸਾ ਸਿੰਘ ਜੀ ਵੀ ਅਤੀ ਪ੍ਰਸੰਨ ਹੋਏ । ਦੇਵਤਿਆਂ ਮੰਗਲਾਚਾਰ ਗਾਇਆ ।

ਦਿਨ ਚੜ੍ਹਨ ਤੇ ਵਧਾਈਆਂ ਮਿਲਣ ਲੱਗੀਆਂ । ਗੁੜ ਦਾ ਪ੍ਰਸ਼ਾਦ ਵੰਡਿਆ ਗਿਆ । ਦਾਈ ਨੇ ਵੀ ਸੁਣਿਆ । ਉਹ ਕਹਿਣ ਲੱਗੀ ਪੁੱਤਰ ਕਿਥੋਂ ਹੋਣਾ ਹੈ । ਮਸ਼ਕ ਜਿਹੀ ਜਨਮੀ ਸੀ ਜੋ ਬਾਬੇ ਜੱਸਾ ਸਿੰਘ ਨੇ ਮੇਰੇ ਸਾਹਮਣੇ ਹੀ ਜਮੀਨ ਵਿੱਚ ਦਬਾ ਦਿਤੀ ਸੀ । ਪਿੰਡ ਦੀਆਂ ਔਰਤਾਂ ਕਹਿਣ ਕਿ ਅਸੀਂ ਵੇਖ ਕੇ ਆਈਆਂ ਹਾਂ । ਬੜਾ ਹੀ ਸੁੰਦਰ ਬਾਲਕ ਹੈ । ਦਾਈ ਇਹ ਸੁਣ ਕੇ ਦੌੜੀ ਗਈ । ਜਦੋਂ ਜਾ ਦਰਸ਼ਨ ਕੀਤਾ ਤਾਂ ਰੌਲਾ ਪਾ ਦਿਤਾ ਕਿ ਇਹ ਬਾਲਕ ਤਾਂ ਕੋਈ ਨੂਰੀ ਹੈ, ਖਾਕੀ ਨਹੀਂ ।

ਸ੍ਰੀ ਸਤਿਗੁਰੂ ਜੀ ਛੋਟੀ ਉਮਰ ਤੋਂ ਹੀ ਆਸਣ ਵਿਛਾ ਕੇ ਭਜਨ ਕਰਨਾ । ਬਹੁਤ ਘੱਟ ਬੋਲਦੇ ਸਨ । ਮੁੱਖੋਂ ਜੋ ਬਚਨ ਕਰਨਾ, ਸੱਚ ਹੋ ਜਾਣਾ ਬਚਪਨ ਵਿੱਚ ਹੀ ਸਤਿਗੁਰੂ ਜੀ ਐਸੇ ਸਨ ਕਿ ਜਦੋਂ ਕਿਤੇ ਬੱਚਿਆਂ ਨਾਲ ਖੇਡਣਾ ਰੱਸੀਆਂ ਨੂੰ ਗੰਢਾਂ ਦੇ ਕੇ ਮਾਲਾ ਬਣਾ ਲੈਣੀਆ । ਗੰਢਾਂ ਦੇ ਕੇ ਰੱਸੀਆਂ ਨੂੰ ਛੋਟੇ-ਛੋਟੇ ਬੱਚਿਆਂ ਨੂੰ ਨਾਮ ਜਪਾਉਣਾ ਅਤੇ ਆਪ ਵੀ ਜਪਣਾ ।

## 'ਬਾਰ੍ਹਵੀਂ ਪਾਤਸ਼ਾਹੀ'
## ਸਾਖੀ- ੨
## (ਲੋਹ ਸੋਨੇ ਦੀ)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਦੋਂ ੨੦-੨੨ ਸਾਲ ਦੇ ਹੋਏ ਤਾਂ ਆਪ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਭਰਤੀ ਹੋ ਗਏ । ਫੌਜ ਵਿੱਚ ਰਹਿੰਦਿਆਂ ਵੀ ਆਪ ਸਦਾ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ । ਇਸੇ ਭਜਨ ਬੰਦਗੀ ਕਾਰਨ ਆਪ ਜੀ ਦੀ ਪਲਟਨ ਦਾ ਨਾਂ ਭਗਤਾਂ ਵਾਲੀ ਪਲਟਨ ਪੈ ਗਿਆ ।

ਫੌਜ ਦੀ ਨੌਕਰੀ ਕਰਦਿਆਂ ਇਕ ਦਿਨ ਲੋਹ ਤੇ ਪਰਸ਼ਾਦੇ ਪਕਾਉਣ ਗਿਆਂ, ਸੂਬੇਦਾਰ ਦੇ ਅਰਦਲੀ ਨਾਲ ਪ੍ਰਸ਼ਾਦੇ ਪਹਿਲਾਂ ਜਾਂ ਪਿਛੋਂ ਪਕਾਉਣ ਦੀ ਝਪਟ ਹੋ ਗਈ । ਆਪ ਜੀ ਨੇ ਅੱਧੀ ਲੋਹ ਤੇ ਕਿਰਪਾਨ ਨਾਲ ਲਕੀਰ ਖਿੱਚ ਦਿਤੀ ਅਤੇ ਬਚਨ ਕੀਤਾ, "ਅੱਧੀ ਲੋਹ ਤੇ ਤੂੰ ਪ੍ਰਸ਼ਾਦੇ ਪਕਾ ਲੈ ਅਤੇ ਅੱਧੀ ਲੋਹ ਤੇ ਅਸੀਂ ਪਕਾ ਲੈਨੇ ਹਾਂ" ।

ਜਿਸ ਪਾਸੇ ਆਪ ਨੇ ਲੀਕ ਵਾਹੀ ਸੀ, ਉਹ ਆਪ ਜੀ ਵਾਲਾ ਪਾਸਾ ਸੋਨੇ ਦਾ ਹੋ ਗਿਆ । ਇਹ ਕੌਤਕ ਵੇਖ ਕੇ ਅਰਦਲੀ ਭੱਜਾ-ਭੱਜਾ ਸੂਬੇਦਾਰ ਕਾਹਨ ਸਿੰਘ ਨੂੰ ਸੱਦ ਲਿਆਇਆ । ਸੂਬੇਦਾਰ ਇਹ ਕੌਤਕ ਵੇਖ ਕੇ ਚਰਨੀ ਢਹਿ ਪਿਆ ਅਤੇ ਪਹਿਰਾ ਮੁਆਫ ਕਰ ਦਿਤਾ ਅਤੇ ਆਪਣੀ ਭੁੱਲ ਬਖਸ਼ਾਈ । ਸਤਿਗੁਰਾਂ ਦਾ ਸਿੱਖ ਬਣਿਆ । ਐਸਾ ਨਿਰਾਲਾ ਰੂਪ ਸੀ ਸਤਿਗੁਰਾਂ ਦਾ ਕਿ ਜਿਹੜਾ ਵੀ ਦਰਸ਼ਨ ਕਰ ਲੈਂਦਾ, ਉਹ ਮੋਹਿਆ ਜਾਂਦਾ ਸੀ ।

# 'ਬਾਰ੍ਹਵੀਂ ਪਾਤਸ਼ਾਹੀ'
## ਸਾਖੀ- ੩
## (ਕਾਹਨ ਸਿੰਘ ਦਾ ਪੱਟ ਚੀਰਨਾ)

ਇਕ ਵਾਰ ਦੀ ਗੱਲ ਹੈ । ਕਾਹਨ ਸਿੰਘ ਸਤਿਗੁਰੂ ਰਾਮ ਸਿੰਘ ਜੀ ਕੋਲ ਗਿਆ । ਸਤਿਗੁਰੂ ਜੀ ਪਲੰਘ ਪਰ ਬੈਠੇ ਭਜਨ ਕਰਦੇ ਸਨ। ਕਾਹਨ ਸਿੰਘ ਵੀ ਸਾਹਮਣੇ ਜਾ ਕੇ ਬਹਿ ਗਿਆ । ਅਚਾਨਕ ਹੀ ਸਤਿਗੁਰੂ ਜੀ ਹੱਥ ਵਿਚ ਤਲਵਾਰ ਫੜ ਲਈ ਅਤੇ ਐਸਾ ਵਾਰ ਕੀਤਾ ਕਿ ਪੱਟ ਤੋਂ ਲੈ ਕੇ ਗੋਡੇ ਤਕ ਮਾਸ ਚੀਰਿਆ ਗਿਆ । ਕਾਹਨ ਸਿੰਘ ਹੈਰਾਨ ਹੋਇਆ ਅਤੇ ਗੁੱਸੇ ਨਾਲ ਭਰ ਉਠਿਆ। ਮਾਰਨ ਲਈ ਹੱਥ ਚੁੱਕਿਆ । ਸਤਿਗੁਰੂ ਜੀ ਨੇ ਉਹਦਾ ਹੱਥ ਫੜ ਲਿਆ । ਬਚਨ ਕੀਤਾ- ਇਹ ਕੰਮ ਨਹੀਂ ਕਰਨਾ ।

ਕਾਹਨ ਸਿੰਘ ਕਹਿੰਦਾ ਹੈ ਕਿ ਕਿਉਂ ਨਹੀਂ ਕਰਨਾ, ਮਾਰਿਆ ਕਿਉਂ ਹੈ? ਸਤਿਗੁਰੂ ਜੀ ਬਚਨ ਕੀਤਾ- "ਠਹਿਰ, ਹੁਣੇ ਦੱਸਦੇ ਹਾਂ" । ਕਾਹਨ ਸਿੰਘ ਗੁੱਸੇ ਨਾਲ ਬੋਲਿਆ- "ਠਹਿਰ ਗਿਆ ਹਾਂ, ਜਲਦੀ ਦੱਸੋ" । ਸਤਿਗੁਰੂ ਜੀ ਬਚਨ ਕੀਤਾ- ਤੂੰ ਲੜਾਈ ਵਿੱਚ ਮਰ ਜਾਣਾ ਸੀ। ਤੇਰਾ ਜਨਮ-ਮਰਨ ਕੱਟਿਆ ਹੈ ਇੰਨਾਂ ਪੱਟ ਪਾੜ ਕੇ । ਤੂੰ ਹੁਣ ਲੜਾਈ ਵਿੱਚ ਨਹੀਂ ਮਰੇਂਗਾ ।ਇਹ ਕਹਿ ਕੇ ਸਤਿਗੁਰੂ ਜੀ ਨੇ ਉਹਦੀ ਦਸਤਾਰ ਲਾਹ ਕੇ ਜ਼ਖਮ ਉੱਤੇ ਬੰਨ੍ਹ ਦਿਤੀ । ਥੋੜ੍ਹੀ ਦੇਰ ਬਾਅਦ ਜਦੋਂ ਕਾਹਨ ਸਿੰਘ ਤੁਰਨ ਲੱਗਾ ਤਾਂ ਆਪ ਜੀ ਨੇ ਕਿਹਾ- "ਤੂੰ ਪੱਟ ਕਿਉਂ ਬੰਨ੍ਹਿਆਂ ਹੈ?" ਉਸ ਮਨ ਵਿੱਚ ਕਿਹਾ ਕਿ ਆਪ ਹੀ ਤੁਸਾਂ ਮਾਰਿਆ ਹੈ ਅਤੇ ਆਪ ਹੀ ਤਾਂ ਪੱਟ ਬੰਨ੍ਹਿਆ ਹੈ । ਫਿਰ ਸਤਿਗੁਰੂ ਜੀ ਨੇ ਉਸ ਦੀ ਲੱਤ ਖੋਹਲ ਦਿਤੀ । ਕਾਹਨ ਸਿੰਘ ਇਹ ਵੇਖ ਕੇ ਹੈਰਾਨ ਸੀ ਕਿ ਲੱਤ ਬਿਲਕੁਲ ਠੀਕ ਸੀ। ਕੋਈ ਜ਼ਖਮ ਹੈ ਹੀ ਨਹੀਂ ।

## 'ਬਾਰ੍ਹਵੀਂ ਪਾਤਸ਼ਾਹੀ'
## ਸਾਖੀ- ੪
## (ਖੂਹ ਢਹਿਣਾ)

ਇਕ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕਾਹਨ ਸਿੰਘ ਨੂੰ ਨਾਲ ਲੈ ਕੇ ਜਾ ਰਹੇ ਸਨ । ਅੱਗੇ ਇਕ ਖੂਹ ਆਇਆ ਹਲਟਾਂ ਵਾਲਾ। ਖੂਹ ਚਲ ਰਿਹਾ ਸੀ । ਬੰਦੇ ਕੰਮ ਤੇ ਲੱਗੇ ਹੋਏ ਸਨ । ਸਭ ਠੀਕ-ਠਾਕ ਸੀ । ਸਤਿਗੁਰੂ ਜੀ ਬਚਨ ਕੀਤਾ- ਕਾਨ੍ਹਿਆਂ ਖੂਹ ਗਰਕ ਹੋਣ ਲੱਗਾ ਹੈ । ਤੂੰ ਜਾ ਕੇ ਸਭ ਨੂੰ ਪਿੱਛੇ ਹਟਾ ਦੇ । ਇਕ ਪਾਸੇ ਕਰ ਦੇ ਸਭ ਨੂੰ ।

ਕਾਹਨ ਸਿੰਘ ਹੈਰਾਨ ਜਿਹਾ ਹੋ ਸੋਚਣ ਲੱਗ ਪਿਆ ਕਿ ਇਕ ਚਲਦਾ ਹੋਇਆ ਖੂਹ ਕਿਵੇਂ ਗਰਕ ਹੋ ਸਕਦਾ ਹੈ? ਉਹ ਚੁੱਪ ਕਰਕੇ ਇਕ ਪਾਸੇ ਖੜ੍ਹਾ ਸੋਚੀ ਜਾਵੇ ।

ਸਤਿਗੁਰੂ ਜੀ ਕਾਹਨ ਸਿੰਘ ਵੱਲ ਵੇਖਿਆ ਕਿ ਇਹ ਅਜੇ ਖੜ੍ਹਾ ਹੀ ਹੈ । ਸਤਿਗੁਰੂ ਜੀ ਨੇ ਆਪ ਜਾ ਕੇ ਬੈਲਾਂ ਨੂੰ ਖੋਲ੍ਹ ਦਿਤਾ । ਆਦਮੀ ਸਭ ਪਰ੍ਹਾਂ ਹਟਾ ਦਿਤੇ ।

ਖੂਹ ਵਾਲਾ ਜਿਮੀਂਦਾਰ ਆਖੇ ਕਿ ਮਸਤਾਨਾ ਕੀ ਕਰਦਾ ਹੈ । ਸਾਡਾ ਕੰਮ ਰੁਕਾ ਦਿਤਾ ਹੈ । ਸਭ ਨੂੰ ਧੱਕੇ ਮਾਰ-ਮਾਰ ਕੇ ਹਟਾਈ ਜਾਂਦਾ ਹੈ । ਇੰਨੇਂ ਨੂੰ ਵੇਖਦਿਆ-ਵੇਖਦਿਆ ਹੀ ਖੂਹ ਗਰਕ ਹੋ ਗਿਆ । ਚੰਗਾ ਭਲਾ ਖੂਹ ਧੱਸ ਗਿਆ । ਸਾਰੇ ਵੇਖ ਕੇ ਬਹੁਤ ਹੈਰਾਨ ਹੋਏ । ਲੱਗੇ ਸਤਿਗੁਰੂ ਜੀ ਦਾ ਗੁਣ ਗਾਇਨ ਕਰਨ । ਆਖਣ ਕਿ ਸਾਡੀ ਰੱਖਿਆ ਕੀਤੀ ਹੈ । ਸਾਨੂੰ ਜੀਵਨ-ਦਾਨ ਦਿਤਾ ਹੈ। ਜੇ ਅੱਜ ਸਾਨੂੰ ਨਾ ਹਟਾਉਂਦੇ ਤਾਂ ਅਸੀ ਸਾਰਿਆਂ ਨੇ ਹੀ ਮਰ ਜਾਣਾ ਸੀ । ਇਹ ਤਾਂ ਅੰਤਰਜਾਮੀ ਹਨ । ਸਤਿਗੁਰੂ ਜੀ ਦਾ ਜੱਸ ਹੁੰਦਾ ਵੇਖ ਕਾਹਨ ਸਿੰਘ ਵੀ ਬੜਾ ਪਛਤਾਇਆ ਕਿ ਮੈਂ ਇਹਨਾਂ ਦਾ ਬਚਨ ਕਿਉਂ ਨਾ ਮੰਨਿਆ

## 'ਬਾਰ੍ਹਵੀਂ ਪਾਤਸ਼ਾਹੀ'
## ਸਾਖੀ- ੫
## (ਗਿਣਤੀ ਵਿੱਚ ਆ ਹਾਜ਼ਰ ਹੋਏ)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਦਾ ਆਪਣੀ ਮੌਜ ਵਿੱਚ ਹੀ ਰਹਿੰਦੇ । ਇਕ ਵਾਰ ਕਾਹਨ ਸਿੰਘ ਨੂੰ ਕਿਹਾ- "ਕਾਨ੍ਹਿਆ, ਚੱਲ ਤੈਨੂੰ ਜੰਗਲ ਦੀ ਸੈਰ ਕਰਾ ਲਿਆਈਏ" । ਸੱਤ ਕੁ ਕੋਹ ਚਲੇ ਗਏ । ਕਾਹਨ ਸਿੰਘ ਨੇ ਮਨ ਵਿੱਚ ਸੋਚਿਆ ਕਿ ਹਾਜ਼ਰੀ ਦਾ ਵਕਤ ਹੋ ਗਿਆ ਹੈ, ਗਿਣਤੀ ਹੋਵੇਗੀ, ਗ਼ੈਰ ਹਾਜ਼ਰ ਹੋਏ ਤਾਂ ਨਾਂ ਕੱਟਿਆ ਜਾਵੇਗਾ । ਅੰਤਰਜਾਮੀ ਸਤਿਗੁਰੂ ਜੀ ਬਚਨ ਕੀਤਾ- "ਕਾਨ੍ਹਿਆਂ ਗੈਰ ਹਾਜਰ ਹੋਣ ਤੇ ਨਾਂ ਨਹੀ ਕੱਟਿਆ ਜਾਵੇਗਾ । ਲਿਆ ਹੱਥ ਫੜਾ ਮੈਨੂੰ ਅਤੇ ਅੱਖਾਂ ਮੀਟ ਲੈ"। ਥੋੜੀ ਦੇਰ ਬਾਅਦ ਹੁਕਮ ਕੀਤਾ ਕਿ ਖੋਲ੍ਹ ਨੇਤਰ । ਨੇਤਰ ਖੋਲ੍ਹ ਕਾਹਨ ਸਿੰਘ ਨੇ ਵੇਖਿਆ ਕਿ ਉਹ ਫੌਜ ਵਿੱਚ ਖੜਾ ਹੈ ।

ਇਸੇ ਤਰ੍ਹਾਂ ਇਕ ਦਿਨ ਪ੍ਰਸ਼ਾਦ ਛੱਕ ਕੇ ਬਚਨ ਕੀਤਾ, "ਕਾਨ੍ਹਿਆਂ ਚਲ ਤੈਨੂੰ ਸੈਰ ਕਰਾ ਲਿਆਈਏ"। ਰਸਤੇ ਵਿਚ ਇਕ ਪਿੰਡ ਆਇਆ ਕਾਹਨ ਸਿੰਘ ਦੇ ਪੁੱਛਣ ਤੇ ਦਸਿਆ ਕਿ ਇਹ ਚੂਹੜਕਾਣਾ ਹੈ । ਲਾਹੌਰ ਤੋਂ ਪੰਝੀ ਕੋਹ ਦੂਰ ਹੈ । ਰਾਤ ਦੀ ਗਿਣਤੀ ਕਰਾ ਕੇ ਗਏ ਸੀ, ਸਵੇਰ ਦੀ ਗਿਣਤੀ ਹੋਣ ਸਮੇਂ ਆ ਹਾਜ਼ਰ ਹੋਏ ।

ਇਕ ਵਾਰ ਇਸੇ ਤਰ੍ਹਾਂ ਸੈਰ ਕਰਦਿਆਂ ਰਸਤੇ ਵਿੱਚ ਇਕ ਸ਼ਹਿਰ ਆਇਆ । ਕਾਹਨ ਸਿੰਘ ਨੇ ਪੁੱਛਿਆ ਕਿ "ਇਹ ਕਿਹੜਾ ਸ਼ਹਿਰ ਹੈ"? ਸਤਿਗੁਰੂ ਜੀ ਬਚਨ ਕੀਤਾ ਕਿ ਲਾਹੌਰ ਤੋਂ ਕਰੀਬ ਦੋ ਸੌ ਕੋਹ ਤੇ ਮੁਲਤਾਨ ਪਿੰਡ ਹੈ" । ਕਾਹਨ ਸਿੰਘ ਕਹਿੰਦਾ ਹੈ, "ਜੀ ਬੜੀ ਦੂਰ ਆ ਗਏ ਹਾਂ, ਗਿਣਤੀ ਦਾ ਸਮਾਂ ਵੀ ਹੋ ਗਿਆ ਹੈ"। ਸ੍ਰੀ ਸਤਿਗੁਰੂ ਜੀ ਬਚਨ ਕੀਤਾ- "ਮੈਨੂੰ ਆਪਣੀ ਬਾਂਹ ਫੜਾ ਦਿਉ ਅਤੇ ਅੱਖਾਂ ਮੀਟ ਲਉ" । ਅੱਖਾਂ ਮੀਟਦਿਆਂ ਹੀ ਫੌਜ ਵਿੱਚ ਆ ਹਾਜ਼ਰ ਹੋਏ ।

# 'ਬਾਰ੍ਹਵੀਂ ਪਾਤਸ਼ਾਹੀ'
## ਸਾਖੀ- ੬
## (ਦਰਬਾਰਾ ਸਿੰਘ ਤੇ ਕਿਰਪਾ)

ਮਨੁੱਖ ਆਪਣੀ ਜ਼ਿੰਦਗੀ ਵਿੱਚ ਬਾਰ-ਬਾਰ ਭੁਲਦੈ । ਕਈ ਵਾਰ ਭੁੱਲਦੈ। ਅੱਜ ਪ੍ਰਣ ਕੀਤਾ ਹੈ ਕਿ ਮਾਸ ਸ਼ਰਾਬ ਨਹੀਂ ਖਾਣਾ-ਪੀਣਾ, ਕਲ੍ਹ ਨੂੰ ਫੇਰ ਖਾਂਦਾ ਹੈ । ਅੱਜ ਪ੍ਰਣ ਕਰਦਾ ਹੈ ਕਿ ਕਿਸੇ ਨਾਲ ਠੱਗੀ ਜਾਂ ਚੋਰੀ ਨਹੀਂ ਕਰਨੀ, ਫਿਰ ਕਰਨ ਲਗਦਾ ਹੈ । ਏਨਾ ਅਗਿਆਨੀ ਹੈ ਕਿ ਗੁਰੂ ਮਿਲਣ ਤੋਂ ਬਿਨਾਂ ਜੀਵਨ ਵਿਕਾਰੀ ਹੋ ਜਾਂਦਾ ਹੈ ।

ਸਰਦਾਰ ਦਰਬਾਰਾ ਸਿੰਘ ਰਾਏ ਪੁਰੀਆ ਚੰਗਾ ਰੱਜਿਆ ਪੁੱਜਿਆ ਜਿਮੀਂਦਾਰ ਪਰ ਜੀਵਨ ਵਿੱਚ ਮਾਸ-ਸ਼ਰਾਬ ਤੋਂ ਬਿਨਾਂ ਰੋਟੀ ਨਹੀਂ ਸੀ ਖਾ ਸਕਦਾ । ਹਰ ਵਕਤ ਸ਼ਰਾਬੀ, ਔਰ ਇਹਦੀ ਸ਼ਰਾਬ ਵੀ ਨਿਰਾ ਖੂਨ । ਸ਼ਰਾਬ ਦੀ ਲਾਹਣ ਵਿਚ ੫00 ਚਿੜਾ ਮਾਰਕੇ ਪਾਉਣਾ, ਸੌ-ਸੌ ਮੁਰਗਾ, ਪੰਜ-ਪੰਜ ਬੱਕਰੇ ਮਾਰ ਕੇ ਪਾਉਣੇ । ਐਸੀ ਸ਼ਰਾਬ ਬਣਾ ਕੇ ਪੀਂਦਾ ਸੀ । ਅਫੀਮ ਦੀ ਡੱਬੀ ਹਰ ਵਕਤ ਜੇਬ ਵਿੱਚ ਰੱਖਦਾ ਸੀ । ਕਈ ਵਾਰ ਖੂਹ ਤੇ ਜਾਣਾ, ਅਫੀਮ ਦਰਖਤਾਂ ਨਾਲ ਟੰਗ ਰੱਖਣੀ ਕਿ ਕਿਤੇ ਅਮਲ ਨਾ ਟੁੱਟ ਜਾਏ ।

ਇਸ ਪਿੰਡ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦਿਤੇ । ਦੀਵਾਨ ਲਗਾ ਹੋਇਆ ਹੈ । ਸਾਰਾ ਪਿੰਡ ਆ ਕੇ ਚਰਨੀਂ ਲੱਗਾ। ਕਿਸੇ ਨੇ ਇਹਨੂੰ ਵੀ ਆਖਿਆ- ਦਰਬਾਰਾ ਸਿੰਘ, ਚਲ ਸਤਿਗੁਰੂ ਜੀ ਆਏ ਹਨ, ਦਰਸ਼ਨ ਕਰ ਲੈ ਪਰ ਇਸ ਦਾ ਹਿਰਦਾ ਇੰਨਾਂ ਮੈਲਾ ਹੋ ਚੁੱਕਾ ਸੀ ਕਿ ਸਤਿਗੁਰੂ ਵਾਲੇ ਪਾਸੇ ਆਉਣ ਤੋਂ ਨਾਂਹ ਕਰ ਦਿਤੀ । ਪਰ ਇਹਦੇ ਪਰਿਵਾਰ ਦੇ ਦੋ-ਦੋ ਬੰਦਿਆਂ ਨੇ ਫੜਕੇ ਗੁਰੂ ਚਰਨਾਂ ਵਿਚ ਲੈ ਆਂਦਾ ।

ਸਤਿਗੁਰੂ ਰਾਮ ਸਿੰਘ ਜੀ ਨੇ ਕਿਰਪਾ ਕਰਕੇ ਇਹਨੂੰ ਕਿਹਾ– "ਦਰਬਾਰਾ ਸਿੰਘਾ ! ਛੱਡ ਦੇ ਮਾਸ ਤੇ ਸ਼ਰਾਬ, ਸਿੱਟ ਦੇਹ ਦਰਬਾਰਾ ਸਿੰਘਾ ਡੱਬੀ । ਜੀਵਨ ਸਵਾਰ ਲੈ"। ਬਸ, ਸਤਿਗੁਰਾਂ ਨੇ ਕੰਨ ਵਿਚ ਨਾਮ ਦਿਤਾ ਤੇ ਮਸਤ ਬਿਰਤੀ ਹੋ ਗਈ । ਦਰਬਾਰਾ ਸਿੰਘ ਸਾਧ ਬਣ ਗਿਆ । ਐਸਾ ਸਾਧ ਬਣਿਆ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਦੋਂ ਪਰਦੇਸ ਚਲੇ ਗਏ ਤਾਂ ਸਭ ਤੋ ਪਹਿਲਾਂ ਜਾ ਕੇ ਰੰਗੂਨ ਵਿੱਚ ਦਰਸ਼ਨ ਕਰਕੇ, ਹੁਕਮਨਾਮਾ ਲਿਆਇਆ । ਜਿਦ੍ਹੇ ਵਿੱਚ ਸਤਿਗੁਰੂ ਜੀ ਨੇ ਲਿਖਿਆ ਸੀ, "ਅੱਜ ਤੋਂ ਬੁੱਧ ਸਿੰਘ ਦਾ ਨਾਮ ਹਰੀ ਸਿੰਘ ਹੋਇਐ । ਇਸਨੂੰ ਸਿਰ ਕਰਤਾ ਜਾਨਣਾ । ਮੇਰੇ ਧੱਕੇ ਨੂੰ ਇਹ ਬਖਸ਼ੇਗਾ, ਇਹਦੇ ਧੱਕੇ ਨੂੰ ਮੈ ਨਹੀਂ ਬਖਸ਼ਾਂਗਾ"।

ਦਰਬਾਰਾ ਸਿੰਘ ਐਸਾ ਗੁਰੂ ਚਰਨਾਂ ਦਾ ਭੌਰਾਂ ਬਣਿਆ ਅਤੇ ਜੀਵਨ ਸੁਧਰ ਗਿਆ ।

## 'ਬਾਰ੍ਹਵੀਂ ਪਾਤਸ਼ਾਹੀ'
## ਸਾਖੀ- ੭
## (ਸਿੱਖੀ ਮੁੜ ਸੁਰਜੀਤ)

ਸਤਿਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਿੱਖਾਂ ਦੀ ਹਾਲਤ ਬਹੁਤ ਗਿਰ ਚੁੱਕੀ ਸੀ । ਧਰਮ ਅਸਥਾਨ ਵਿਭਚਾਰ ਦਾ ਕੇਂਦਰ ਬਣ ਚੁੱਕੇ ਸਨ । ਗੁਰਮਤ ਦੀ ਥਾਂ ਮਨਮਤ ਨੇ ਲੈ ਲਈ ਸੀ । ਧਰਮ ਪ੍ਰਚਾਰ ਤਾਂ ਉੱਕਾ ਹੀ ਖਤਮ ਹੋ ਚੁੱਕਾ ਸੀ । ਸ੍ਰੀ ਆਦਿ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਅਲਮਾਰੀਆਂ ਵਿੱਚ ਪਿਆਂ ਹੀ ਉੱਲੀ ਅਤੇ ਸਿਉਂਕ ਲੱਗ ਚੁੱਕੀ ਸੀ । ਸਿੱਖਾਂ ਦੀ ਰਹਿਣੀ-ਬਹਿਣੀ, ਖਾਣਾ ਅਤੇ ਪਹਿਰਾਵਾ ਸਭ ਕੁਝ ਗੁਰਮਤ ਤੋਂ ਉਲਟ ਹੋ ਚੁੱਕਿਆ ਸੀ ।

ਏਨ੍ਹਾਂ ਹਾਲਾਤਾਂ ਨੂੰ ਵੇਖਦਿਆਂ ਹੋਇਆ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਮੁਰਝਾ ਚੁੱਕੀ ਸਿੱਖੀ ਨੂੰ ਮੁੜ ਸੁਰਜੀਤ ਕਰਨ ਲਈ ੧੨ ਅਪ੍ਰੈਲ ੧੮੫੭ ਈ. ਨੂੰ ਵਿਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਵਿਖੇ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਸੰਤ ਖਾਲਸੇ ਦੀ ਸਾਜਨਾ ਕੀਤੀ । ਲੋਕਾਂ ਨੂੰ ਗੁਰਬਾਣੀ ਦਾ ਪਾਠ ਕਰਨਾ ਅਤੇ ਸਤਿਕਾਰ ਕਰਨਾ ਸਿਖਾਇਆ, ਸ੍ਰੀ ਆਦਿ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਆਪਣੇ ਹਸਤ ਕਮਲਾਂ ਨਾਲ ਮਿੱਟੀ-ਘੱਟਾ ਝਾੜ ਕੇ ਪ੍ਰਕਾਸ਼ ਕਰਨ ਦੀ ਵਿਧੀ ਦਸੀ । ਅੰਮ੍ਰਿਤ ਵੇਲੇ ਉੱਠ ਕੇ ਸਣੇ ਕੇਸੀਂ ਇਸ਼ਨਾਨ ਕਰ, ਸਾਫ ਸਵੱਛ ਬਸਤਰ ਪਹਿਨਣ ਅਤੇ ਨਾਮ ਜਪਣ ਦਾ ਉਪਦੇਸ਼ ਦਿਤਾ ।

ਪਿੰਡ-ਪਿੰਡ, ਸ਼ਹਿਰ-ਸ਼ਹਿਰ ਜਾ ਕੇ ਸਿੱਖੀ ਦੀਆਂ ਰਹੁ ਰੀਤਾਂ ਦੱਸਕੇ ਲੋਕਾਂ ਨੂੰ ਧਰਮ ਕਰਮ ਵਾਲੇ ਪਾਸੇ ਲਾਇਆ । ਚਿੱਟੇ ਬਸਤਰ ਪਹਿਨਾ ਕੇ ਆਪਣੇ ਸਿੱਖ ਸੇਵਕਾਂ ਦੇ ਮਨ ਨੂੰ ਨਿਰਮਲ ਕਰਨ ਦੀ ਪ੍ਰੇਰਨਾ ਦਿਤੀ । ਆਪ ਜੀ ਨੇ ੩ ਜੂਨ ੧੮੬੩ ਈ. ਨੂੰ ਪਿੰਡ ਖੋਟੇ ਜ਼ਿਲ੍ਹਾ ਫਿਰੋਜਪੁਰ ਵਿਚ ਮਹਾਨ ਸਮਾਗਮ ਕਰਕੇ ਬਿਨਾਂ

ਦਾਜ-ਦਹੇਜ, ਬਰਾਤ, ਬੈਂਡ ਬਾਜਾ ਅਤੇ ਬਿਨਾਂ ਕਿਸੇ ਖਰਚ ਤੋਂ ਸਮੂਹਿਕ ਸ਼ਾਦੀਆਂ, ਗੁਰਮਤ ਅਨੁਸਾਰ ਆਨੰਦ ਕਾਰਜ ਸ਼ੁਰੂ ਕਰਵਾ ਕੇ ਨਵੀਂ ਲੀਹ ਤੋਰੀ ।

ਅੰਮ੍ਰਿਤ ਪ੍ਰਚਾਰ ਸ਼ੁਰੂ ਕੀਤਾ । ਅੰਮ੍ਰਿਤ ਛਕਾ ਕੇ ਮਾਸ ਸ਼ਰਾਬ ਦਾ ਤਿਆਗ ਕਰਨਾ, ਸਾਦਾ ਤੇ ਪਵਿੱਤਰ ਜੀਵਨ ਬਿਤਾਉਣਾ, ਧਰਮ ਦੀ ਕਿਰਤ ਕਰਨੀ, ਦਸਵੰਧ ਕੱਢਣਾ, ਗਰੀਬਾਂ ਤੇ ਦੀਨ ਦੁਖੀਆਂ ਦੀ ਮਦਦ ਕਰਨੀ ਤੇ ਗਊ ਗਰੀਬ ਦੀ ਰੱਖਿਆ ਕਰਨੀ ਆਦਿ ਉਪਦੇਸ਼ ਦਿਤੇ ਅਤੇ ਇਹਨਾਂ ਅਸੂਲਾਂ ਤੇ ਚੱਲਣ ਦੀ ਤਾਕੀਦ ਕੀਤੀ ।

ਸੰਮਤ ੧੯੨੦ ਬਿਕਰਮੀ ਨੂੰ ਪਿੰਡ ਸਿਆੜ੍ਹ ਜਿਲ੍ਹਾ ਲੁਧਿਆਣਾ ਵਿੱਚ ਇਕ ਵੱਡਾ ਭਾਰੀ ਮੇਲਾ ਕਰਕੇ ਮਾਈਆਂ ਨੂੰ ਅੰਮ੍ਰਿਤ ਛਕਾ ਕੇ ਕਛਹਿਰੇ ਪੁਆ ਕੇ ਸਿੰਘਾਂ ਦੇ ਬਰਾਬਰ ਕੀਤਾ, ਪੰਜ ਕਕਾਰ ਦੀਆਂ ਧਾਰਨੀ ਕੀਤਾ । ਆਪ ਜੀ ਨੇ ਮਾਈ ਹੁਕਮੀ ਨੂੰ ਸੂਬਾ ਥਾਪ ਕੇ ਮਾਈਆਂ ਤੇ ਅਪਾਰ ਕਿਰਤਾ ਕੀਤੀ। ਘੁੰਡ ਜਾਂ ਪਰਦੇ ਦੀ ਰੀਤੀ ਨੂੰ ਤਿਆਗਣ ਤੇ ਜ਼ੋਰ ਦਿਤਾ । ਘਰ ਵਿੱਚ ਸਭ ਨੂੰ ਗੁਰਮੁਖੀ ਪੜ੍ਹਨ ਤੇ ਜ਼ੋਰ ਦਿਤਾ ਤਾਂ ਕਿ ਸਭ ਗੁਰਬਾਣੀ ਦਾ ਪਾਠ ਕਰ ਸਕਣ । ਇਸਤਰੀਆਂ ਨੂੰ ਗੁਰਮੁਖੀ ਪਹਿਰਾਵਾ ਪਾਉਣ ਦਾ ਹੁਕਮ ਕੀਤਾ ਅਤੇ ਨਾਮ ਜਪਣ ਦਾ ਉਪਦੇਸ਼ ਦਿਤਾ । ਵੱਟਾ ਕਰਨਾ, ਕੁੜੀਆਂ ਮਾਰਨਾ, ਦਹੇਜ ਪ੍ਰਥਾ ਆਦਿ ਕੁਰੀਤੀਆਂ ਨੂੰ ਦੂਰ ਕੀਤਾ ।

ਅੱਜ ਉਸ ਸਤਿਗੁਰੂ ਨੂੰ ਸਾਰਾ ਜਗ ਨਮਸਕਾਰ ਕਰਦਾ ਹੈ ।

## ਜੋਤ ਕਾ ਜਾਮਾ 'ਸ੍ਰੀ ਸਤਿਗੁਰੂ ਹਰੀ ਸਿੰਘ ਜੀ'



| | | |
|---|---|---|
| ਅਵਤਾਰ | : | ਅੱਸੂ ਸੁਦੀ ਤੀਜ ਸੰਮਤ ੧੯੭੬ ਬਿਕਰਮੀ ਬੁੱਧਵਾਰ ਮਾਰਚ ੧੯੧੯ ਈ. । |
| ਅਸਥਾਨ | : | ਰਾਈਆਂ (ਲੁਧਿਆਣਾ) |
| ਪਿਤਾ | : | ਬਾਬਾ ਜੱਸਾ ਸਿੰਘ ਜੀ |
| ਮਾਤਾ | : | ਮਾਤਾ ਸਦਾ ਕੌਰ ਜੀ |
| ਮਹਿਲ | : | ਮਾਤਾ ਸਾਹਿਬ ਕੌਰ ਜੀ, ਮਾਤਾ ਜੀਵਨ ਕੌਰ ਜੀ |
| ਸੰਤਾਨ | : | ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ, ਮਹਾਰਾਜ ਗੁਰਦਿਆਲ ਸਿੰਘ ਜੀ, ਬੀਬੀ ਭਾਗੋ ਜੀ, ਬੀਬੀ ਮਤਾਬੋ ਜੀ । |
| ਜੋਤੀ ਜੋਤ | : | ਜੇਠ ਵਦੀ ੧0 ਸੰਮਤ ੧੯੬੩ ਬਿਕਰਮੀ ਸ੍ਰੀ ਭੈਣੀ ਸਾਹਿਬ, ੧੯0੬ ਈ. । |

# ਸ੍ਰੀ ਸਤਿਗੁਰੂ ਹਰੀ ਸਿੰਘ ਜੀ
## ਸਾਖੀ– ੧
## (ਜੀਵਨ)

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਅਵਤਾਰ ਬਾਬਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਜੀ ਦੇ ਘਰ ਸਰਾਧਾਂ ਪਿਛੋਂ ਦੇ ਨਰਾਤਿਆਂ ਦੇ ਤੀਜੇ ਨਰਾਤੇ ਬੁੱਧਵਾਰ ਸੰਮਤ ੧੮੭੬ ਬਿਕਰਮੀ ਪਿੰਡ ਰਾਈਆਂ ਜ਼ਿਲ੍ਹਾ ਲੁਧਿਆਣਾ ਵਿੱਚ ਹੋਇਆ ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਜਦ ੭ ਸਾਲ ਦੇ ਸਨ ਤਾਂ ਇਹਨਾਂ ਦਾ ਵਿਆਹ ਬੀਬੀ ਸਾਹਿਬੋ, ਪਿੰਡ ਮਾਦਪੁਰ ਨਾਲ ਹੋਇਆ ਸੀ । ਇਹਨਾਂ ਦੇ ਦੋ ਬੀਬੀਆਂ– ਬੀਬੀ ਭਾਗੋ ਅਤੇ ਬੀਬੀ ਮਤਾਬੋ ਦਾ ਜਨਮ ਹੋਇਆ ।

ਸੰਮਤ ੧੯੧੮ ਬਿਕਰਮੀ ਨੂੰ ਸਤਿਗੁਰੂ ਰਾਮ ਸਿੰਘ ਜੀ ਹਰਿਦੁਆਰ ਗਏ । ਬੜੇ ਕੌਤਕ ਕੀਤੇ । ਇਕ ਦਿਨ ਇਕ ਗੇਲੀ ਨੂੰ ਅੱਗ ਲਾ ਦਿਤੀ । ਸਤਿਗੁਰੂ ਜੀ ਸੰਗਤ ਨੂੰ ਹੁਕਮ ਕੀਤਾ, "ਇਕ ਪਾਸੇ ਲੱਗੋ" । ਸਾਰੀ ਸਾਧ ਸੰਗਤ ਲੱਗੀ । ਸਤਿਗੁਰਾਂ ਗੇਲੀ ਚੁੱਕ ਲਈ ਪਰ ਸੰਗਤ ਪਾਸੋਂ ਨਾ ਚੁੱਕੀ ਗਈ । ਮੁੜ ਸ੍ਰੀ ਬੁੱਧ ਸਿੰਘ ਜੀ ਨੂੰ ਗੇਲੀ ਚੁੱਕਣ ਦਾ ਹੁਕਮ ਹੋਇਆ । ਉਹ ਦੂਜੇ ਪਾਸੇ ਆ ਲੱਗੇ । ਦੋਹਾਂ ਭਰਾਵਾਂ ਨੇ ਗੇਲੀ ਚੁੱਕ ਕੇ ਵਗਾਹ ਕੇ ਪਾਣੀ ਵਿੱਚ ਮਾਰੀ ਅਤੇ ਇਸ਼ਾਰੇ ਨਾਲ ਸਤਿਗੁਰੂ ਜੀ ਸਮਝਾਇਆ ਕਿ ਇਹ ਸਾਰਾ ਕੰਮ ਤੇਰਾ ਤੇ ਮੇਰੇ ਕਰਨ ਦਾ ਹੀ ਹੈ ।

# ਸ੍ਰੀ ਸਤਿਗੁਰੂ ਹਰੀ ਸਿੰਘ ਜੀ
## ਸਾਖੀ- ੨
## (ਦੋਨੋ ਭਈਆ ਏਕ ਸਰੂਪ ਕਰ ਭਾਸੇ)

ਸਤਿਗੁਰੂ ਹਰੀ ਸਿੰਘ ਜੀ ਕਿਰਤ ਕਰਿਆ ਕਰਦੇ ਸੀ । ਲੰਗਰ ਵਿੱਚ ਉਗਰਾਹੀ ਪਾਇਆ ਕਰਦੇ ਸਨ । ਇਕ ਦਿਨ ਜਦ ਉਹ ਹੱਲ ਚੁੱਕੀ ਆ ਰਹੇ ਸਨ ਤਾਂ ਸਤਿਗੁਰੂ ਰਾਮ ਸਿੰਘ ਜੀ ਬਚਨ ਕੀਤਾ, "ਭਾਈ, ਹੱਲ ਰੱਖ ਦੇ, ਪ੍ਰਸ਼ਾਦਾ ਲੰਗਰੋਂ ਛਕਿਆ ਕਰ"। ਸਤਿ ਬਚਨ ਕਹਿ ਕੇ ਹੱਲ ਰੱਖ ਦਿਤਾ ।

ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਹਰੀ ਸਿੰਘ ਜੀ ਨੂੰ ਸੁੰਦਰ ਕਪੜੇ ਪੁਆ ਕੇ ਆਪਣੇ ਬਰਾਬਰ ਬਿਠਾ ਕੇ ਸੂਬਿਆਂ ਨੂੰ ਪੁੱਛਿਆ ਕਿ "ਵੇਖੋ ਕੋਈ ਫਰਕ ਹੈ"?

"ਦੋਨੋ ਭਈਆ ਏਕ ਸਰੂਪ ਕਰ ਭਾਸੇ,

ਸਤਿਗੁਰ ਆਪ ਮੁੱਖੋ ਪ੍ਰਕਾਸੇ" ।

## 'ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਦਿਨਚਰਯਾ'
## ਸਾਖੀ- ੩

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸਵੇਰੇ ੪ ਵਜੇ ਸੁੱਖ ਸੇਜਾ ਤੋਂ ਉੱਠ ਕੇ ਬਾਹਰ ਜੰਗਲ ਜਾਂਦੇ । ਰਾਗਾ ਸਿੰਘ ਜੀ ਨਾਲ ਜਲ ਦਾ ਗੜਵਾ ਲੈ ਹਾਜ਼ਰ ਰਹਿੰਦੇ । ਇਸ਼ਨਾਨ ਕਰ ਚੁਬਾਰੇ ਵਿੱਚ ਭਜਨ ਬੰਦਗੀ ਵਾਸਤੇ ਜੁੜ ਬੈਠਦੇ । ਬਾਹਰ ਰਾਗੀ ਸਿੰਘ ਕੀਰਤਨ ਕਰਦੇ । ਸੂਰਜ ਦੀ ਟਿੱਕੀ ਨਾਲ ਚੰਡੀ ਦੀ ਵਾਰ ਦਾ ਭੋਗ ਪਾਉਂਦੇ । ਸਫਾਈ ਆਦਿ ਤੱਕ ਦੇ ਕੰਮ ਧੰਦੇ ਦੀ ਨਿਗਰਾਨੀ ਕਰਕੇ ਬਾਹਰ ਜਾਂਦੇ। ਮਗਰ ਮਾਲਾ ਹਰ ਦਮ ਫਿਰਦੀ ਰਹਿੰਦੀ । ਪਿਛਲੇ ਪਹਿਰ ਕਥਾ ਹੁੰਦੀ, ਉਸ ਵਿੱਚ ਅਤੇ ਫਿਰ ਕੀਰਤਨ ਵਿਚ ਦਰਸ਼ਨ ਦਿੰਦੇ, ਤਦ ਵੀ ਨੀਵੀਂ ਨਜ਼ਰ ਕਰਕੇ ਚੀਨੀ ਵਾਲੇ ਪਾਤਸ਼ਾਹ ਨੂੰ ਯਾਦ ਕਰਦੇ ਰਹਿੰਦੇ ।

ਪਿਛਲੇ ਪਹਿਰ ਅਰਥਾਤ ੮ ਪਹਿਰਾਂ ਪਿਛੋਂ ਪ੍ਰਸ਼ਾਦ ਛਕਦੇ, ਦੁੱਧ ਚੌਲ । ਜਲ ਵਿਚ ਅੱਧ ਸੇਰ ਕੱਚਾ ਘਿਉ ਉਬਾਲ ਕੇ ਛਕਦੇ । ਰਾਤ ਨੂੰ ਸੇਵਾਦਾਰਾਂ ਅਤੇ ਸੰਤਾਂ ਮਹੰਤਾਂ ਸਹਿਤ ਦਿਵਾਨ ਲਗਦਾ, ਉਸ ਵਿਚ ਵੀ ਦਰਸ਼ਨ ਦਿੰਦੇ । ਜਦ ਸੇਵਾਦਾਰ ਸੌਂ ਜਾਂਦੇ ਤਾਂ ਆਪ ਫਿਰ ਭਜਨ ਕਰਨ ਲਗ ਪੈਂਦੇ । ਰਾਤ ਢਲੀ ਸੇਵਾਦਾਰਾਂ ਨੂੰ ਉਠਾ ਕੇ ਇਸ਼ਨਾਨ-ਪਾਨ ਕਰ ਫੇਰ ਉਸੇ ਪਾਸੇ ਜੁੜ ਜਾਂਦੇ । ਹਰ ਰੋਜ ੨੧ ਮਾਲਾ ਭਜਨ ਦੀਆਂ ਫੇਰਦੇ । ਭਗਉਤੀ ਦੀਆਂ ਮਾਲਾ ਵੱਖਰੀਆਂ ਕਰਦੇ । ਆਪ ਜੀ ਦਾ ਨੇਮ ਸੀ, ਪੰਜੇ ਬਾਣੀਆਂ, ਸਾਰੀ ਪੰਜ ਗ੍ਰੰਥੀ ਕੰਠੋਂ ਅਤੇ ਸੌ ਪੱਤਰਾ ਦਰਬਾਰ ਸਾਹਿਬ ਦਾ ਨਿਤਾ ਪ੍ਰਤੀ ਕਰਨਾ ।

ਇਹ ਸਤਿਗੁਰੂ ਹਰੀ ਸਿੰਘ ਜੀ ਦੀ ਰੋਜ਼ ਦੀ ਦਿਨਚਰਯਾ ਸੀ ।

# ਸ੍ਰੀ ਸਤਿਗੁਰੂ ਹਰੀ ਸਿੰਘ ਜੀ
## ਸਾਖੀ– ੪
## (ਕੋਹੜ ਦੂਰ ਕਰਨਾ)

ਇਤਿਹਾਸ ਵਿਚ ਕਥਾ ਆਉਂਦੀ ਹੈ ਕਿ ਸਤਿਗੁਰੂ ਹਰੀ ਸਿੰਘ ਜੀ ਦੇ ਵਕਤ ਜ਼ਿਲ੍ਹਾ ਲੁਧਿਆਣਾ ਦੇ ਇਕ ਪਿੰਡ ਦਾ ਨਾਮ ਹੈ– ਹਰੀ ਸਿੰਘ ਦਾ ਬੁਰਜ । ਇਸ ਪਿੰਡ ਦੇ ਬਾਹਰ ਇਕ ਉਦਾਸੀ ਸਾਧੂਆਂ ਦਾ ਡੇਰਾ ਸੀ । ਇਸ ਡੇਰੇ ਦੇ ਆਗੂ ਮਹੰਤ ਦੇ ਸਰੀਰ ਨੂੰ ਕੋਹੜ ਹੋ ਗਿਆ । ਹੁਣ ਜਿਹੜਾ ਕੋਹੜ ਦਾ ਰੋਗੀ ਹੁੰਦਾ ਹੈ, ਉਹ ਰਾਤ ਦਿਨ ਦੁਖੀ ਰਹਿੰਦਾ ਹੈ । ਇਸ ਨੇ ਕਈ ਦਵਾਈਆਂ ਲਈਆਂ ਪਰ ਅਰਾਮ ਨਾ ਆਵੇ । ਇਹਨੂੰ ਕਿਸੇ ਨੇ ਦੱਸਿਆ ਕਿ ਸ੍ਰੀ ਭੈਣੀ ਸਾਹਿਬ ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿੱਚ ਅਰਜ ਕਰ । ਇਹਨਾਂ ਬਾਵਾ ਜੀ, ਸ੍ਰੀ ਭੈਣੀ ਸਾਹਿਬ ਆ ਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ ਕੀਤੀ, "ਸੱਚੇ ਪਾਤਸ਼ਾਹ ਜੀ, ਸਰੀਰ ਕੋਹੜੀ ਹੈ, ਕੋਈ ਦਵਾਈ ਦਿਉ" । ਆਪ ਜੀ ਦੀ ਬੜੀ ਸੋਭਾ ਸੁਣ ਕੇ ਆਇਆ ਹਾਂ" ।

ਸਤਿਗੁਰੂ ਜੀ ਬਚਨ ਕੀਤਾ, "ਬਾਵਾ ਜੀ, ਸੋਭਾ ਤਾਂ ਸਤਿਗੁਰੂ ਰਾਮ ਸਿੰਘ ਜੀ ਦੀ ਹੈ ਪਰ ਤੁਸੀਂ ਇਸ਼ਨਾਨ ਕਰ ਆਉ, ਦਵਾਈ ਦੇ ਦਿਆਂਗੇ । ਜਦੋਂ ਬਾਵਾ ਜੀ ਇਸ਼ਨਾਨ ਕਰ ਆਏ ਤਾਂ ਸਤਿਗੁਰੂ ਹਰੀ ਸਿੰਘ ਜੀ ਹੁਕਮ ਕੀਤਾ, "ਇਹਨੂੰ ਭਜਨ ਦੇ ਦਿਉ"। ਸਿੱਖ ਨੇ ਕੰਨ ਵਿਚ ਭਜਨ ਦੱਸਿਆ ਤਾਂ ਸਤਿਗੁਰੂ ਜੀ ਹੁਕਮ ਕੀਤਾ ਕਿ ਬਾਵਾ ਜੀ ਲੰਗਰ ਵਿਚ ਬਰਤਨ ਮਾਂਜਣ ਦੀ ਸੇਵਾ ਕਰਿਆ ਕਰੋ"। ਕੋਹੜ ਹਟ ਜਾਏਗਾ"। ਇਸਨੇ ਡੇਰੇ ਆ ਕੇ ਸੇਵਾ ਕਰਨੀ ਸ਼ੁਰੂ ਕਰ ਦਿਤੀ । ਦੋ ਮਹੀਨੇ ਦੇ ਵਿਚ ਦੁਖ ਦੂਰ ਹੋ ਗਿਆ । ਸਤਿਗੁਰੂ ਜੀ ਦੀ ਸਰਨ ਆਉਣ ਨਾਲ ਦੁੱਖ ਕੱਟਿਆ ਗਿਆ ।

# ਸ੍ਰੀ ਸਤਿਗੁਰੂ ਹਰੀ ਸਿੰਘ ਜੀ
## ਸਾਖੀ- ੫
## (ਹਲਕਾਅ ਦੂਰ ਕਰਨਾ)

ਪਿੰਡ ਖੋਟਿਆਂ ਵਿੱਚ ਇਕ ਸੰਤ ਰਤਨ ਸਿੰਘ ਜੀ ਰਹਿੰਦੇ ਸਨ । ਇਕ ਵਾਰ ਉਹ ਬਿਮਾਰ ਹੋ ਗਏ । ਖਾਣ-ਪੀਣ ਦਾ ਵਾਧਾ ਘਾਟਾ ਹੋ ਗਿਆ । ਉਹਨਾਂ ਨੂੰ ਹਲਕਾਅ ਹੋ ਗਿਆ । ਸਾਰਿਆਂ ਨੂੰ ਵੱਢਣ ਪੈਣ । ਮੂੰਹ ਵਿਚੋਂ ਝੱਗ ਆਉਣ ਲਗ ਪਈ । ਘਰ ਵਾਲਿਆਂ ਨੇ ਰੱਸੇ ਨਾਲ ਬੰਨ੍ਹ ਕੇ ਗੱਡੇ ਉੱਤੇ ਪਾ ਕੇ ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿਚ ਸ੍ਰੀ ਭੈਣੀ ਸਾਹਿਬ ਲੈ ਆਂਦਾ । ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਰਤਨ ਸਿੰਘ ਨੂੰ ਹਲਕਾਅ ਹੋ ਗਿਆ ਹੈ, ਆਪ ਜੀ ਪਾਸ ਲੈ ਕੇ ਆਏ ਹਾਂ, ਉਸ ਤੇ ਕਿਰਪਾ ਕਰੋ"।

ਸਤਿਗੁਰੂ ਜੀ ਬਚਨ ਕੀਤਾ, "ਇਹਨੂੰ ਖੋਲ੍ਹ ਕੇ ਲਿਟਾ ਦਿਉ, ਇਸਦਾ ਹਲਕ ਦੂਰ ਕਰ ਦਿੰਦੇ ਹਾਂ"। ਘਰ ਦਿਆਂ ਸੰਤਾਂ ਦੀ ਰੱਸੀ ਖੋਲ੍ਹ ਦਿਤੀ । ਸਤਿਗੁਰੂ ਜੀ ਹੁਕਮ ਕੀਤਾ, "ਇਹਨੂੰ ਪੁੱਠਾ ਲਿਟਾ ਦਿਉ"। ਜਦੋਂ ਸੰਤ ਰਤਨ ਸਿੰਘ ਜੀ ਨੂੰ ਪੁੱਠਾ ਲਿਟਾ ਦਿਤਾ ਤਾਂ ਸਤਿਗੁਰੂ ਹਰੀ ਸਿੰਘ ਜੀ ਪਉਇਆਂ ਸਮੇਤ ਰਤਨ ਸਿੰਘ ਉਪਰ ਖਲੋ ਗਏ । ਚਰਨਾਂ ਦੀ ਛੋਹ ਮਾਤਰ ਨਾਲ ਹਲਕ ਦੂਰ ਕਰ ਦਿਤਾ। ਸੰਤ ਰਤਨ ਸਿੰਘ ਬਿਲਕੁਲ ਰਾਜ਼ੀ ਹੋ ਗਏ। ਉੱਠ ਕੇ ਲੰਗਰ ਛਕਿਆ । ਸਤਿਗੁਰਾਂ ਦਾ ਧੰਨਵਾਦ ਕੀਤਾ ਅਤੇ ਸੁਖੀ ਹੋ ਕੇ ਘਰ ਵਾਪਸ ਪਰਤਿਆ ।

# ਸ੍ਰੀ ਸਤਿਗੁਰੂ ਹਰੀ ਸਿੰਘ ਜੀ
# ਸਾਖੀ- ੬
# (ਪੜ੍ਹਾਈ ਦਾ ਵਰ)

ਸੰਤ ਭਗਤ ਸਿੰਘ ਜੀ ਦਾਤੇਵਾਲ ਦੇ ਸਨ । ਮਾਤਾ-ਪਿਤਾ ਨੇ ਮਦਰਸੇ ਪੜ੍ਹਨੇ ਪਾ ਦਿਤਾ । ਪਰ ਇਹ ਲੜ ਕੇ ਕਿਤਾਬ ਪਾੜ ਕੇ ਘਰ ਵਾਪਸ ਆ ਗਏ ।

ਇਕ ਵਾਰ ਸਤਿਗੁਰੂ ਹਰੀ ਸਿੰਘ ਜੀ ਦਾਤੇਵਾਲ ਚਰਨ ਪਾਏ । ਸੰਤਾਂ ਦੇ ਪਿਤਾ ਜੀ ਨੇ ਅਰਜ਼ ਕੀਤੀ, "ਸੱਚੇ ਪਾਤਸ਼ਾਹ ਜੀ, ਇਹ ਬੱਚਾ ਪੜ੍ਹਦਾ ਨਹੀਂ"। ਇਹ ਕਹਿੰਦਾ ਹੈ ਕਿ ਮਦਰਸੇ ਪੜ੍ਹਨਾ ਸਤਿਗੁਰੂ ਜੀ ਦਾ ਹੁਕਮ ਨਹੀਂ"। ਸਤਿਗੁਰੂ ਹਰੀ ਸਿੰਘ ਜੀ ਬਚਨ ਕੀਤਾ, "ਵਾਹ ਭਾਈ, ਇਹ ਮੁੰਡਾ ਤਾਂ ਅੱਗੇ ਹੀ ਪੜ੍ਹਿਆ ਹੋਇਆ ਹੈ । ਅਰਬੀ ਫਾਰਸੀ ਇਸ ਅੱਗੇ ਕੀ ਹਨ"?

ਸਤਿਗੁਰੂ ਜੀ ਦੀ ਐਸੀ ਕਿਰਪਾ ਹੋਈ ਕਿ ਸੰਤ ਭਗਤ ਸਿੰਘ ਜੀ ਪੰਥ ਦੇ ਸ਼ਰੋਮਣੀ ਪ੍ਰਚਾਰਕਾਂ ਵਿਚੋਂ ਹੋਏ । ਆਪ ਦੀ ਗਰਜਵੀ ਅਵਾਜ ਸਭ ਨੂੰ ਮਸਤ ਬਣਾ ਦਿੰਦੀ ਸੀ । ਆਪ ਦੀ ਅਵਾਜ਼ ਵਿਚ ਇੰਨੀ ਤਾਸੀਰ ਸੀ ਕਿ ਉਹਨਾਂ ਨੇ ਸੈਂਕੜੇ ਲੋਕਾਂ ਨੂੰ ਮਾਸ, ਸ਼ਰਾਬ, ਤੰਬਾਕੂ ਛੁਡਾ ਕੇ ਸਤਿਗੁਰੂ ਜੀ ਦੇ ਚਰਨਾਂ ਨਾਲ ਜੋੜਿਆ ।

## 'ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ'



| | | |
|---|---|---|
| ਅਵਤਾਰ | : | ਚੇਤ ਵਦੀ ਤੀਜ ਸੰਮਤ ੧੯੪੬ ਬਿਕਰਮੀ ੯ ਮਾਰਚ ੧੮੯0 ਈ. । |
| ਅਸਥਾਨ | : | ਸ੍ਰੀ ਭੈਣੀ ਸਾਹਿਬ, ਲੁਧਿਆਣਾ |
| ਪਿਤਾ | : | ਸ੍ਰੀ ਸਤਿਗੁਰੂ ਹਰੀ ਸਿੰਘ ਜੀ |
| ਮਾਤਾ | : | ਮਾਤਾ ਜੀਵਨ ਕੌਰ ਜੀ |
| ਮਹਿਲ | : | ਮਾਤਾ ਭੁਪਿੰਦਰ ਕੌਰ ਜੀ |
| ਸੰਤਾਨ | : | ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ । |
| ਜੋਤੀ ਜੋਤ | : | ੫-੬ ਭਾਦਰੋਂ ਦੀ ਰਾਤ ਸੰਮਤ ੨0੧੬ ਬਿਕਰਮੀ ਸ੍ਰੀ ਭੈਣੀ ਸਾਹਿਬ ੧੯੫੯ ਈ. । |

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
## ਸਾਖੀ- ੧
## (ਜਨਮ)

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਵਤਾਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਮਾਤਾ ਜੀਵਨ ਕੌਰ ਜੀ ਦੇ ਗ੍ਰਿਹਿ ਵਿਖੇ ਹੋਇਆ । ਜਦੋਂ ਸਤਿਗੁਰੂ ਜੀ ਦਾ ਪ੍ਰਕਾਸ਼ ਹੋਇਆ, ਸਤਿਗੁਰੂ ਹਰੀ ਸਿੰਘ ਜੀ ਨੇ ਖਬਰ ਸੁਣਦਿਆਂ ਸਾਰ ਖੁਸ਼ ਹੋ ਕੇ ਬਚਨ ਕੀਤਾ, "ਵੱਡੇ ਪ੍ਰਤਾਪ ਵਾਲਾ, ਘਰ ਦਾ ਮਾਲਕ ਆਇਆ ਹੈ । ਇਸ ਦੀ ਛਤਰ ਛਾਇਆ ਹੇਠ ਸਾਧ ਸੰਗਤ ਨੂੰ ਬੜੇ ਸੁਖ ਹੋਣਗੇ"।

ਸ੍ਰੀ ਭੈਣੀ ਸਾਹਿਬ ਉਸ ਵੇਲੇ ਅਰਧ ਬੰਦੀ-ਖਾਨੇ ਦੇ ਰੂਪ ਵਿਚ ਸੀ । ਮੁਖ ਦੁਆਰ ਅੱਗੇ ਪੁਲਿਸ ਚੌਂਕੀ ਸੀ । ਹਰ ਆਉਣ ਵਾਲੇ ਸਿੱਖ ਦਾ ਨਾਂ ਅਤੇ ਪਤਾ ਲਿਖਿਆ ਜਾਂਦਾ ਸੀ । ਦੂਜੀ ਵਾਰ ਛੇ ਮਹੀਨੇ ਬਾਅਦ ਦਰਸ਼ਨ ਕਰਨ ਦਾ ਸਮਾਂ ਮਿਲਦਾ ਸੀ । ਸ੍ਰੀ ਸਤਿਗੁਰੂ ਜੀ ਦਾ ਅਵਤਾਰ ਹੋਣ ਤੇ ਸ੍ਰੀ ਭੈਣੀ ਸਾਹਿਬ ਦਰਵਾਜੇ ਤੋਂ ਪੁਲਿਸ ਦੀ ਕਰੜਾਈ ਵੀ ਨਰਮ ਹੋਈ ਅਤੇ ਸਿਪਾਹੀਆਂ ਨੇ ਆਪਣਾ ਡੇਰਾ ਵੀ ਡਿਉਢੀ ਤੋਂ ਦੂਰ ਕਰ ਲਿਆ । ਸਿੱਖਾਂ ਸਾਧਾਂ ਨੇ ਖੁਸ਼ ਹੋ ਕੇ ਸਤਿਗੁਰੂ ਜੀ ਨੂੰ 'ਬੰਦੀ-ਛੋੜ' ਕਹਿਣਾ ਸ਼ੁਰੂ ਕਰ ਦਿਤਾ ।

ਸਤਿਗੁਰੂ ਜੀ ਕੁਝ ਸਾਲਾਂ ਦੇ ਹੋਏ ਤਾਂ ਮਾਤਾ ਜੀਵਨ ਕੌਰ ਜੀ ਨੇ ਸਤਿਗੁਰੂ ਹਰੀ ਸਿੰਘ ਜੀ ਅੱਗੇ ਅਰਜ ਕੀਤੀ ਕਿ ਇਸ ਨੂੰ ਪੜ੍ਹਨੇ ਪਾਈਏ । ਸਤਿਗੁਰੂ ਜੀ ਬਚਨ ਕੀਤਾ, "ਇਹ ਪ੍ਰਤਾਪ ਸਿੰਘ ਅੱਗੇ ਹੀ ਸਭ ਕੁਝ ਪੜ੍ਹਿਆ ਹੋਇਆ ਹੈ" ।

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
## ਸਾਖੀ- ੨
## ( ਨਾਮ-ਬਾਣੀ ਨਾਲ ਜੋੜਿਆ)

ਸਤਿਗੁਰੂ ਦਾ ਕਰਮ ਹੈ- ਦੁਨੀਆਂ ਵਿੱਚ ਮਨੁੱਖੀ ਜਾਮੇ ਨੂੰ, ਸੰਸਾਰ ਵਿਚ ਗ੍ਰਸਤ ਹੋਏ-ਹੋਏ ਲੋਕਾਂ ਨੂੰ ਕਰਤਾਰ ਨਾਲ ਜੋੜ ਦੇਣਾ ਸਤਿਗੁਰੂ ਦਾ ਕੰਮ ਹੈ । ਇਹ ਸਭ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੀਤਾ । ਚਲਾਈ ਹੋਈ ਮਰਯਾਦਾ ਸਤਿਗੁਰੂ ਰਾਮ ਸਿੰਘ ਜੀ ਦੀ ਹੈ ਪਰ ਇਹਨੂੰ ਪ੍ਰਚਲਤ ਕੀਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ । ਨਾਮ ਨਾਲ ਜੋੜ ਦਿਤਾ, ਗੁਰਬਾਣੀ ਨਾਲ ਜੋੜ ਦਿਤਾ । ਲੱਖਾਂ ਦੀ ਤਾਦਾਦ ਵਿਚ ਅਖੰਡ ਪਾਠ, ਘਰ-ਘਰ ਪਾਠ ਗੁਰਬਾਣੀ ਦੇ, ਘਰ-ਘਰ ਨਿਤਨੇਮ, ਨਾਮ ਜਪਣ ਦਾ ਉਪਦੇਸ਼, ਐਸੀ-ਐਸੀ ਕਿਰਪਾ ਕੀਤੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਿਸਦੀ ਕਿਸੇ ਜ਼ਮਾਨੇ ਵਿਚ ਮਿਸਾਲ ਨਹੀਂ ਮਿਲਦੀ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਣੀ ਦਾ ਕੇਵਲ ਪਾਠ ਹੀ ਨਹੀਂ ਸਨ ਕਰਦੇ, ਸਗੋਂ ਇਸਦੇ ਅੱਖਰ-ਅੱਖਰ ਤੇ ਚੱਲਣ ਦਾ ਉਪਦੇਸ਼ ਦਿੰਦੇ ਸਨ । ਆਪ ਜੀ ਫੁਰਮਾਂਦੇ ਸਨ ਕਿ ਬਾਣੀ ਰਤਨਾਂ ਦੀ ਖਾਨ ਹੈ । ਆਪ ਜੀ ਨੇ ਦੋਨੋ ਗ੍ਰੰਥਾਂ ਸ੍ਰੀ ਆਦਿ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੇ ਪਾਠ ਕਰਨ ਦੀ ਤਾਕੀਦ ਕੀਤੀ ਕਿਉਂਕਿ ਗੁਰਬਾਣੀ ਦਾ ਪਾਠ ਕਰਨ ਨਾਲ ਮਨ ਨਿਰਮਲ ਹੁੰਦਾ ਹੈ, ਬਾਣੀ ਦੀ ਸੂਝ ਪੈਂਦੀ ਹੈ । ਜੀਵਨ ਜੁਗਤੀ ਦਾ ਮਾਰਗ ਮਿਲਦਾ ਹੈ ।

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
## ਸਾਖੀ- ੩
## ( ਭਵਿੱਖਤ ਵਾਕ)

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤ੍ਰੈਕਾਲ ਦਰਸੀ ਸਨ ।ਆਪ ਜੀ ਨੂੰ ਆਉਣ ਵਾਲੇ ਸਮੇਂ ਵਿੱਚ ਵਰਤਣ ਵਾਲੇ ਭਾਣੇ ਦੀ ਵੀ ਸੋਝੀ ਸੀ। ਇਸ ਬਾਰੇ ਉਹ ਸਭ ਨੂੰ ਸੁਚੇਤ ਕਰਦੇ ਰਹਿੰਦੇ ਸਨ । ਉਹ ਇਹ ਵੀ ਜਾਣਦੇ ਸਨ ਕਿ ਭਾਰਤ ਦੀ ਵੰਡ ਹੋ ਜਾਣੀ ਹੈ । ਸੋ ਉਹ ਇਕ ਤਾਂ ਕਿਹਾ ਕਰਦੇ ਸਨ ਕਿ ਹਿੰਦੂ-ਸਿੱਖ ਇਕ ਹੋ ਜਾਣ, ਨਹੀਂ ਤਾਂ ਖਤਮ ਹੋ ਜਾਣਗੇ । ਦੂਜਾ, ਉਹਨਾਂ ਨਾਮਧਾਰੀ ਸਿੱਖਾਂ ਅਤੇ ਗੈਰ ਨਾਮਧਾਰੀ ਸਭਨਾਂ ਨੂੰ ਥਾਂ-ਥਾਂ, ਪਿੰਡ-ਪਿੰਡ ਜਾ ਕੇ ਕਿਹਾ ਕਿ ਉਹ ਪਾਕਿਸਤਾਨ ਚੋਂ ਨਿਕਲ ਜਾਣ, ਘੱਟ ਤੋ ਘੱਟ ਇਕ ਵਾਰ ਰਾਵੀ ਜਰੂਰ ਪਾਰ ਕਰ ਜਾਣ ਤਾਂ ਕਿ ਵਰਤਣ ਵਾਲੇ ਭਾਣੇ ਦੀ ਮਾਰ ਤੋਂ ਬਚਿਆ ਜਾ ਸਕੇ ।

ਸਤਿਗੁਰੂ ਜੀ ਦੇ ਬਚਨ ਅਟੱਲ ਹਨ । ਉਹ ਜਰੂਰ ਵਰਤਦੇ ਹਨ । ਜਿਨ੍ਹਾਂ ਨੇ ਉਹਨਾਂ ਦਾ ਬਚਨ ਮੰਨ ਲਿਆ, ਰਾਵੀ ਪਾਰ ਕਰ ਆਏ, ਉਹ ਸੁਖੀ ਰਹੇ । ਜਿਨ੍ਹਾਂ ਬਚਨ ਮੰਨਣ ਵਿੱਚ ਢਿੱਲ ਕੀਤੀ, ਦੁੱਖ ਉਠਾਇਆ ਉਹਨਾਂ ਨੇ ।

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
# ਸਾਖੀ– ੪
# ( ਸਤਿਗੁਰੂ ਪੂਰਾ ਵੈਦੁ ਹੈ)

ਇਹ ਕੋਈ ੧੯੨੯ ਦੀ ਗੱਲ ਹੈ । ਕੁਹਾਟ ਸ਼ਹਿਰ ਵਿੱਚ ਇਕ ਸਰਾਫ ਲਾਲਾ ਦੀਵਾਨ ਚੰਦ ਰਹਿੰਦਾ ਸੀ । ਉਸਦੀ ਪਤਨੀ ਨੂੰ ਥੋੜ੍ਹਾ-ਥੋੜ੍ਹਾ ਬੁਖਾਰ ਰਹਿਣ ਲੱਗਾ । ਹੌਲੀ-ਹੌਲੀ ਰੋਗ ਨੇ ਜੜ੍ਹ ਫੜ ਲਈ ਅਤੇ ਉਹ ਬੀਬੀ ਚੜ੍ਹਾਈ ਕਰ ਗਈ । ਰਿਸ਼ਤੇਦਾਰਾਂ ਦੇ ਕਹਿਣ ਤੇ ਦੂਜਾ ਵਿਆਹ ਕਰਾ ਲਿਆ । ਪਰ ਉਸਦੀ ਇਸ ਪਤਨੀ ਨੂੰ ਵੀ ਉਸੇ ਰੋਗ ਨੇ ਆ ਘੇਰਿਆ । ਸ਼ਹਿਰ ਦੇ ਵੱਡੇ-ਵੱਡੇ ਹਸਪਤਾਲਾਂ 'ਚ ਵਿਖਾਇਆ, ਹਜ਼ਾਰਾਂ ਰੁਪਏ ਖਰਚ ਕੀਤੇ ਪਰ ਆਰਾਮ ਨਾ ਮਿਲਿਆ ।

ਇਕ ਦਿਨ ਉਹਨਾਂ ਨੂੰ ਇਕ ਨਾਮਧਾਰੀ ਸਿੰਘ ਮਿਲਿਆ । ਉਸ ਦੀਵਾਨ ਚੰਦ ਦੀ ਸਾਰੀ ਗੱਲ ਸੁਣੀ ਤਾਂ ਆਖਿਆ-ਲਾਲਾ ਜੀ ! ਇਹ ਬਿਮਾਰੀ ਕੋਈ ਕਰਮ ਰੋਗ ਹੈ, ਡਾਕਟਰਾਂ ਦੇ ਵੱਸ ਦੀ ਨਹੀਂ । ਤੁਸੀਂ ਸ੍ਰੀ ਭੈਣੀ ਸਾਹਿਬ ਚਲੇ ਜਾਉ । ਸਤਿਗੁਰੂ ਪ੍ਰਤਾਪ ਸਿੰਘ ਜੀ ਆਧਿ, ਬਿਆਧ ਤੇ ਉਪਾਧ ਤੋਂ ਮੁਕਤੀ ਬਖਸ਼ਦੇ ਹਨ । ਤੁਹਾਡੇ ਅਗਲੇ ਪਿਛਲੇ ਰੋਗ ਕੱਟੇ ਜਾਣਗੇ ।

ਦੀਵਾਨ ਚੰਦ ਸ੍ਰੀ ਭੈਣੀ ਸਾਹਿਬ ਪਹੁੰਚ ਗਏ ਤੇ ਪੁੱਛਿਆ- "ਮੇਰੀ ਪਤਨੀ ਬਿਮਾਰ ਹੈ, ਵੱਡੇ ਸੰਤ ਜੀ ਕਿੱਥੇ ਹਨ" । ਜਦੋਂ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਛਲਕਦੇ ਨੇਤਰਾਂ ਨਾਲ ਜਾ ਮੱਥਾ ਟੇਕਿਆ ਅਤੇ ਸਾਰੀ ਵਿਥਿਆ ਦੱਸੀ । ਸਾਰੀ ਗੱਲ ਧਿਆਨ ਨਾਲ ਸੁਣ ਕੇ ਸਤਿਗੁਰੂ ਜੀ ਬਚਨ ਕੀਤਾ- "ਲਾਲਾ ਜੀ, ਸਤਿਗੁਰੂ ਰਾਮ ਸਿੰਘ ਜੀ ਦੇ ਘਰ ਕੋਈ ਘਾਟਾ ਨਹੀਂ। ਕੇਵਲ ਮਨ ਦੀ ਸੂਈ ਨੂੰ ਠੀਕ ਰੁਖ ਵੱਲ ਰੱਖਣ ਦੀ ਲੋੜ ਹੈ"।

ਸਤਿਗੁਰੂ ਜੀ ਬਚਨ ਕੀਤਾ, "ਮਾਸ, ਸ਼ਰਾਬ ਛੱਡ ਦਿਉ, ਇਹ ਰਾਖਸ਼ਾਂ ਦੀ ਖੁਰਾਕ ਹੈ" । ਭਜਨ ਪੁੱਛ ਲਵੋ, ਸਵੇਰ ਸਾਰ ਇਸ਼ਨਾਨ ਕਰ ਕੇ ਅਕਾਲ ਪੁਰਖ ਦਾ ਨਾਂ ਲਵੋ, ਕੋਈ ਰੋਗ ਨਹੀਂ ਰਹੇਗਾ । ਜਦੋਂ ਭਜਨ ਦੱਸ ਦਿਤਾ ਤਾਂ ਸਤਿਗੁਰੂ ਜੀ ਸੰਤ ਰਤਨ ਸਿੰਘ ਲਾਂਗਰੀ ਨੂੰ ਹੁਕਮ ਕੀਤਾ, "ਰਤਨ ਸਿੰਘਾ, ਲਾਲੇ ਨੂੰ ਘਿਉ ਦੇਹ, ਜਿਹੜਾ ਇਹ ਹੁਣੇ ਮਾਲਸ਼ ਕਰੇ"। ਰਤਨ ਸਿੰਘ ਤੋਂ ਘਿਉ ਲੈ ਕੇ ਬੀਬੀ ਨੂੰ ਮਾਲਸ਼ ਕੀਤੀ ਗਈ । ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਨਾਲ ਮਾਲਸ਼ ਕਰਨ ਨਾਲ ਸਰੀਰ ਵਿੱਚ ਚੁਸਤੀ ਆ ਗਈ। ਬੁਖਾਰ ਖਿਸਕਣ ਲੱਗਾ ।

ਸਤਿਗੁਰੂ ਜੀ ਸੰਤ ਜੀ ਨੂੰ ਹੁਕਮ ਕੀਤਾ, "ਰਤਨ, ਇਸ ਨੂੰ ਫਲਾਣੀ-ਫਲਾਣੀ ਦਵਾਈ ਤੇ ਗੋਲੀਆਂ ਦੇਹ ਅਤੇ ਪੱਥ ਪਰਹੇਜ ਦੱਸ ਦੇ"। ਭਜਨ ਬੰਦਗੀ ਨੇਮ ਨਾਲ ਕਰਨ, ਮੁੜ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿੱਚ ਅਰਦਾਸ ਕਰਨ ਅਤੇ ਦਵਾਈ ਲੈਣ, ਉਹ ਦਵਾਈ ਦੇ ਮਾਲਕ ਆਪ ਹਨ, ਕਿਰਪਾ ਕਰਨਗੇ" ।

ਦਵਾਈ ਲੈ ਕੇ ਘਰ ਮੁੜੇ । ਘਰ ਪੁੱਜ ਕੇ ਅੰਮ੍ਰਿਤ ਵੇਲੇ ਉਠਣ, ਇਸ਼ਨਾਨ ਕਰ ਮਾਲਾ ਫੇਰਨ, ਫੇਰ ਦਵਾਈ ਲੈਣ । ਕਿਰਪਾ ਹੁੰਦੀ ਗਈ, ਬੀਬੀ ਬਿਲਕੁਲ ਠੀਕ ਹੋ ਗਈ । ਉਸ ਦੀ ਲਾ-ਇਲਾਜ ਬਿਮਾਰੀ ਦੂਰ ਕਰ ਦਿਤੀ ।

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
# ਸਾਖੀ- ੫
# (ਸੂਕੇ ਹਰੇ ਕੀਏ ਖਿਨੁ ਮਾਹਿ)

ਲਾਹੌਰ ਸਤਿਗੁਰੂ ਪ੍ਰਤਾਪ ਸਿੰਘ ਜੀ ਬਹੁਤ ਦਰਸ਼ਨ ਦੇਂਦੇ ਸਨ । ਇਥੇ ਇਕ ਦਿਨ ਆਸਾ ਦੀ ਵਾਰ ਤੋਂ ਬਾਅਦ ਸਾਧ ਸੰਗਤ ਨੇ ਘਰਾਂ ਵਿੱਚ ਚਰਨ ਪਾਉਣ ਦੀ ਅਰਜ਼ ਕੀਤੀ । ਅਰਜ਼ ਪਰਵਾਨ ਹੋ ਗਈ । ਇਕ ਬੀਬੀ ਜਲਦੀ-ਜਲਦੀ ਘਰ ਨੂੰ ਜਾ ਰਹੀ ਹੈ ਕਿ ਸਤਿਗੁਰੂ ਜੀ ਨੇ ਚਰਨ ਪਾਉਣੇ ਹਨ, ਜਾ ਕੇ ਤਿਆਰੀ ਕਰਾਂ । ਰਸਤੇ ਵਿਚ ਉਸ ਵੇਖਿਆ ਕਿ ਇਕ ਮਾਈ ਆਪਣੇ ਘਰ ਅੱਗੇ ਖੜ੍ਹੀ ਰੋ ਰਹੀ ਹੈ । ਕਾਰਨ ਪੁੱਛਣ ਤੇ ਪਤਾ ਲੱਗਾ ਕਿ ਉਸ ਦਾ ਇਕੋ ਇਕ ਪੁੱਤਰ ਹੈ ਅਤੇ ਉਹ ਬਹੁਤ ਬਿਮਾਰ ਹੈ । ਡਾਕਟਰਾਂ ਨੇ ਜਵਾਬ ਦੇ ਦਿਤਾ ਹੈ । ਕਹਿੰਦੇ ਹਨ ਕਿ 'ਡਬਲ ਨਿਮੋਨੀਆ' ਹੈ ।

ਉਹ ਬੀਬੀ ਕਹਿੰਦੀ ਹੈ ਕਿ ਹੁਣੇ ਇਧਰੋਂ ਸਤਿਗੁਰੂ ਜੀ ਨੇ ਆਉਣਾ ਹੈ, ਮੈਂ ਆਪਣੇ ਘਰ ਬਾਅਦ ਵਿਚ ਚਰਨ ਪੁਆਵਾਂਗੀ, ਪਹਿਲਾਂ ਤੇਰੇ ਪੁੱਤਰ ਬਾਬਤ ਅਰਜ਼ ਕਰਦੀ ਹਾਂ । ਅਜੇ ਇਹ ਗੱਲ ਹੋ ਹੀ ਰਹੀ ਸੀ ਕਿ ਸਤਿਗੁਰੂ ਜੀ ਆ ਗਏ । ਸਚੇ ਪਾਤਸ਼ਾਹ ਜੀ ਨੇ ਬੀਬੀ ਨੂੰ ਕਿਹਾ, "ਕੀ ਗੱਲ ਹੈ ਬੀਬੀ, ਤੂੰ ਇਥੇ ਖਲੋਤੀ ਹੈਂ, ਘਰ ਨਹੀਂ ਗਈ"। ਉਸ ਬੀਬੀ ਨੇ ਸਾਰੀ ਗੱਲ ਦੱਸੀ । ਸਤਿਗੁਰੂ ਜੀ ਨੇ ਉਸ ਮਾਈ ਨੂੰ ਬੱਚੇ ਬਾਰੇ ਪੁੱਛਿਆ ਤਾਂ ਉਹ ਸਤਿਗੁਰੂ ਜੀ ਨੂੰ ਅੰਦਰ ਲੈ ਗਈ।

ਅੰਦਰ ਬੱਚਾ ਬੇਹੋਸ਼ ਜਿਹਾ ਪਿਆ ਸੀ । ਕਈ ਉੱਤੇ ਕਪੜੇ ਦਿਤੇ ਹੋਏ ਸਨ । ਸਤਿਗੁਰੂ ਜੀ ਦੇ ਚਰਨਾਂ ਵਿੱਚ ਮੱਥਾ ਟਿਕਾਇਆ । ਸਤਿਗੁਰੂ ਜੀ ਬਚਨ ਕੀਤਾ, "ਕਿਤੇ ਪਾਣੀ ਹੈ ਠੰਡਾ ਪਿਆ ਹੋਇਆ"। ਪੋਹ ਦੇ ਦਿਨ ਸਨ । ਮਾਈ ਕਹਿੰਦੀ ਹੈ- "ਗਰੀਬ ਨਿਵਾਜ, ਸਰਦੀਆਂ ਦੇ ਦਿਨ ਹਨ, ਪਾਣੀ ਤਾਂ ਬਹੁਤ ਠੰਡਾ ਪਿਆ ਹੈ, ਪੰਜ ਸੱਤ ਦਿਨਾਂ ਦਾ ਇਕ ਘੜਾ ਪਿਆ ਹੈ" । ਬਚਨ ਕੀਤਾ- "ਉਸ

ਠੰਡੇ ਪਾਣੀ ਨਾਲ ਇਸ ਬੱਚੇ ਦਾ ਇਸ਼ਨਾਨ ਕਰਾਉ। ਇਸ ਨੂੰ ਕੁਝ ਨਹੀਂ ਹੋਵੇਗਾ'' ਪਰ ਇਥੇ ਧਿਆਨ ਦੇਣ ਅਤੇ ਸੋਚਣ ਵਾਲੀ ਗੱਲ ਹੈ ਕਿ ਰੋਗੀ ਨੂੰ ਡਬਲ ਨਿਮੋਨੀਆ ਹੋਵੇ, ਡਾਕਟਰਾਂ ਵਲੋਂ ਜੁਆਬ ਹੋਵੇ ਤੇ ਪੋਹ ਦੇ ਦਿਨਾਂ ਵਿੱਚ ਸੱਤ ਦਿਨ ਦੇ ਪਏ ਠੰਡੇ ਪਾਣੀ ਨਾਲ ਇਸ਼ਨਾਨ, ਇਹ ਕੈਸਾ ਇਲਾਜ ਹੈ । ਇਥੇ ਕੇਵਲ 'ਤੇ ਕੇਵਲ ਸਤਿਗੁਰੂ ਜੀ ਦੀ ਸਮਰੱਥਾ, ਕਿਰਪਾ ਦੀ ਗੱਲ ਹੈ । ਸਤਿਗੁਰਾਂ ਦੇ ਨੇਤਰਾਂ ਵਿਚ ਰਸਨਾਂ ਵਿਚ ਅੰਮ੍ਰਿਤ ਹੁੰਦਾ ਹੈ, ਜੋ ਬਚਨ ਕਰਨ ਸਤਿ ਹੁੰਦਾ ਹੈ ।

ਇਸ਼ਨਾਨ ਕਰਾ, ਭਜਨ ਦੱਸ ਦਿਤਾ, ਮਾਂ ਨੂੰ ਵੀ ਅਤੇ ਬੱਚੇ ਨੂੰ ਵੀ । ਸਤਿਗੁਰੂ ਜੀ ਬਚਨ ਕਰਦੇ ਨੇ- ''ਬੱਚਾ ਠੀਕ ਹੋ ਜਾਵੇਗਾ''। ਤਸੱਲੀ ਹੋ ਗਈ ।

ਥੋੜ੍ਹੀ ਦੇਰ ਬਾਅਦ ਬੱਚੇ ਨੂੰ ਹੋਸ਼ ਆ ਗਿਆ । ਅੱਖਾਂ ਖੋਲ੍ਹ ਦਿੱਤੀਆ । ਬੱਚਾ ਬਿਲਕੁਲ ਠੀਕ ਹੋ ਗਿਆ । ਸਤਿਗੁਰੂ ਜੀ ਖੁਸ਼ੀਆਂ ਬਖਸ਼ਦੇ ਚਲੇ ਗਏ ।

## ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
## ਸਾਖੀ- ੬
## (ਆਪਣੇ ਬਚਨਾਂ ਨਾਲ ਦੁਖ ਮੇਟ ਦਿਤੇ)

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਵਾਰ ਬੰਕੋਕ ਦਰਸ਼ਨ ਦਿਤੇ । ਉਥੇ ਸੇਠ ਦਿਆਲ ਸਿੰਘ ਰਹਿੰਦੇ ਸਨ । ਉਹਨਾਂ ਦੇ ਵੱਡੇ ਲੜਕੇ ਸ਼ਮਸ਼ੇਰ ਸਿੰਘ ਨੂੰ ਛਪਾਕੀ ਨਿਕਲਦੀ ਸੀ । ਕਈ ਜਤਨ ਕੀਤੇ, ਪਰ ਛਪਾਕੀ ਨਾ ਹਟੀ । ਸੇਠ ਜੀ ਲੜਕੇ ਨੂੰ ਦਿਵਾਨ ਵਿੱਚ ਸਤਿਗੁਰੂ ਜੀ ਕੋਲ ਲੈ ਕੇ ਆਏ । ਮੱਥਾ ਟਿਕਾ ਕੇ ਬੇਨਤੀ ਕੀਤੀ, ''ਪਾਤਸ਼ਾਹ ਜੀ, ਇਸ ਲੜਕੇ ਨੂੰ ਛਪਾਕੀ ਨਿਕਲਦੀ ਹੈ । ਕਿਰਪਾ ਕਰੋ, ਕੋਈ ਦਵਾਈ ਦੱਸੋ'' ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੱਸਦਿਆਂ ਹੀ ਬਚਨ ਕੀਤਾ-''ਇਹਨੂੰ ਕਹੋ ਦਾਹੜੀ ਖੋਲ੍ਹ ਦਵੇ, ਛਪਾਕੀ ਹਟ ਜਾਵੇਗੀ'' । ਉਸੇ ਵੇਲੇ ਦਾਹੜੀ ਖੋਲ੍ਹ ਦਿਤੀ । ਦੁਬਾਰਾ ਕਦੇ ਛਪਾਕੀ ਨਹੀਂ ਨਿਕਲੀ । ਸਤਿਗੁਰੂ ਜੀ ਹਮੇਸ਼ਾ ਹੀ ਸੇਵਕਾਂ ਦੇ ਦੁੱਖ ਕੱਟਕੇ ਸੁਖੀ ਕਰ ਦਿੰਦੇ ਹਨ ।

## ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
## ਸਾਖੀ- ੭
## ( ਸੁਖਾਂ ਦਾ ਦਾਤਾ)

ਲਾਹੌਰ ਦਾ ਰਹਿਣ ਵਾਲਾ ਇਕ ਸ਼ਾਹੂਕਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਰਨੀ ਆਇਆ । ਉਸ ਨੇ ਬੇਨਤੀ ਕੀਤੀ, "ਸਚੇ ਪਾਤਸ਼ਾਹ ਜੀ ! ਕਾਰ-ਵਿਹਾਰ ਬਹੁਤ ਹੈ । ਧਨ ਸੰਪਦਾ ਦੀ ਕੋਈ ਕਮੀ ਨਹੀਂ ਪਰ ਮਨ ਦੀ ਕਲਪਨਾ ਨਹੀਂ ਮਿਟਦੀ । ਰਾਤ ਦਿਨ ਨੀਂਦ ਨਹੀਂ ਆਉਂਦੀ, ਬਹੁਤ ਦੁਖੀ ਹਾਂ । ਕੋਈ ਸੁਖ ਦਾ ਸਾਧਨ ਦਸੋ ।"

ਸਤਿਗੁਰੂ ਜੀ ਨੇ ਭਾਈ ਵਜੀਰ ਸਿੰਘ ਜੀ ਨੂੰ ਕਿਹਾ, "ਇਸਨੂੰ ਭਜਨ ਦੱਸ ਦਿਉ ।" ਨਾਲ ਹੀ ਸਤਿਗੁਰੂ ਜੀ ਨੇ ਹੁਕਮ ਕਰ ਦਿਤਾ ਕਿ ਲਾਲਾ ਜੀ, ਤੁਸੀਂ ਗਰੀਬਾਂ ਦੀ ਸੇਵਾ ਕਰਨੀ ਸ਼ੁਰੂ ਕਰ ਦਿਓ, ਸਾਰੇ ਦੁੱਖ ਮਿਟ ਜਾਣਗੇ ।

ਉਸ ਸ਼ਾਹੂਕਾਰ ਨੇ ਆ ਕੇ ਗਰੀਬਾਂ ਨੂੰ ਅੰਨ-ਕੱਪੜੇ ਦੀ ਸੇਵਾ ਸ਼ੁਰੂ ਕਰ ਦਿਤੀ । ਕਈਆਂ ਰੋਗੀਆਂ ਦੇ ਇਲਾਜ ਕਰਵਾਉਣੇ ਆਰੰਭ ਕੀਤੇ । ਜਿਉਂ-ਜਿਉਂ ਗਰੀਬਾਂ ਦੀ ਸੇਵਾ ਕਰਦਾ ਗਿਆ, ਸਤਿਗੁਰਾਂ ਦੀ ਕਿਰਪਾ ਨਾਲ ਸਭ ਮਾਨਸਿਕ ਦੁੱਖ ਦੂਰ ਹੋ ਗਏ । ਸੁਖੀ ਹੋ ਗਿਆ । ਇਸੇ ਵਾਸਤੇ ਹੀ ਸਤਿਗੁਰੂ ਨੂੰ ਸੁੱਖਾਂ ਦਾ ਦਾਤਾ ਮੰਨਿਆ ਗਿਆ ਹੈ ।

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
## ਸਾਖੀ- ੮
## (ਅਟੱਲ ਬਚਨ)

ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਇਕ ਵਾਰ ਸੇਵਕਾਂ ਨੇ ਅਰਜ਼ ਕੀਤੀ- ਗਰੀਬ ਨਿਵਾਜ, ਕਿਰਪਾ ਕਰਕੇ ਆਪ ਜੀ ਪ੍ਰਸ਼ਾਦਾ ਵਰਤਾਓ। ਆਪ ਜੀ ਦੇ ਕਰ ਕਮਲਾਂ ਤੋਂ ਪ੍ਰਸ਼ਾਦਾ ਛਕਣ ਨੂੰ ਜੀ ਕਰਦਾ ਹੈ । ਸਤਿਗੁਰੂ ਜੀ ਨੇ ਅਰਜ਼ ਪਰਵਾਨ ਕਰ ਲਈ । ਹੋਲੇ ਮੇਲਿਆਂ ਤੇ ਐਸਾ ਨਜ਼ਾਰਾ ਆਮ ਵੇਖਿਆ ਜਾਂਦਾ ਸੀ ਕਿ ਸਤਿਗੁਰੂ ਜੀ ਸਾਧ ਸੰਗਤ ਨੂੰ ਆਪ ਪ੍ਰਸ਼ਾਦ ਵਰਤਾਉਂਦੇ ਹੁੰਦੇ ਸਨ ।

ਸਤਿਗੁਰੂ ਪ੍ਰਤਾਪ ਸਿੰਘ ਜੀ ਹੁਕਮ ਕੀਤਾ ਕਿ ਸਾਰੇ ਪੰਗਤ ਵਿੱਚ ਬੈਠ ਜਾਉ । ਸਾਰਿਆਂ ਨੂੰ ਪ੍ਰਸ਼ਾਦ ਮਿਲੇਗਾ । ਕੋਈ ਰੌਲਾ ਨਾ ਪਾਇਉ, ਚੁਪ-ਚਾਪ ਬੈਠ ਜਾਉ । ਪੰਗਤਾਂ ਲਗ ਗਈਆਂ । ਸਤਿਗੁਰੂ ਜੀ ਪ੍ਰਸ਼ਾਦਾ ਵਰਤਾਉਣਾ ਸ਼ੁਰੂ ਕਰ ਦਿਤਾ ।

ਇਕ ਸਿੱਖ ਕਿਤੇ ਪਿਛਲੀ ਪੰਗਤ ਵਿੱਚ ਬੈਠਾ ਸੀ । ਉਸਨੂੰ ਲੱਗਾ ਕਿ ਸ਼ਾਇਦ ਮੇਰੀ ਵਾਰੀ ਨਾ ਆਵੇ । ਉਹ ਉੱਠ ਕੇ ਅਗਲੀ ਪੰਗਤੀ 'ਚ ਆ ਕੇ ਬੈਠ ਗਿਆ ਅਤੇ ਉੱਚੀ ਸਾਰੀ ਕਹਿੰਦੈ- ਗਰੀਬ ਨਿਵਾਜ, ਮੇਰੇ ਤੇ ਵੀ ਕਿਰਪਾ ਕਰੋ, ਮੈਨੂੰ ਵੀ ਪ੍ਰਸ਼ਾਦਾ ਦਿਉ। ਉਸ ਨੇ ਅਰਜ਼ ਤਾਂ ਇਸ ਕਰਕੇ ਕੀਤੀ ਸੀ ਕਿ ਸਤਿਗੁਰੂ ਜੀ ਦੇ ਹੱਥੋਂ ਉਸ ਨੂੰ ਵੀ ਪ੍ਰਸ਼ਾਦ ਮਿਲ ਜਾਏਗਾ ਪਰ ਸਤਿਗੁਰੂ ਜੀ ਗੁੱਸੇ ਵਿੱਚ ਆ ਗਏ । ਬੜੇ ਗੁੱਸੇ ਨਾਲ ਬਚਨ ਕੀਤਾ, "ਕੀ ਕੁੱਤੇ ਵਾਂਗ ਚਉਂ-ਚਉਂ ਕਰਦਾ ਫਿਰਦਾ ਹੈ । ਮੈਂ ਕਿਹਾ ਸੀ ਕਿ ਕੋਈ ਨਾ ਬੋਲਿਆ ਜੇ, ਜਾ ਪਰ੍ਹੇ ਹੋ ਕੇ ਬਹਿ ਜਾ"।

ਉਹ ਸਿੱਖ ਪਰ੍ਹੇ ਹੋ ਕੇ ਬੈਠ ਗਿਆ ਪਰ ਮਨ ਵਿਚ ਇਹ ਗੱਲ ਆ ਗਈ ਕਿ ਸਤਿਗੁਰੂ ਜੀ ਦੀ ਰਸਨਾਂ ਤੋਂ ਨਿਕਲਿਆ ਬਚਨ ਹੈ। ਇਹ ਖਾਲੀ ਨਹੀਂ ਜਾਣਾ । ਬੱਸ, ਮੈਂ ਕੁੱਤਾ, ਮੈਂ ਕੁੱਤਾ ਕਰਦਾ ਉਥੋਂ ਤੁਰ ਗਿਆ । ਤੇ ਇਸੇ ਵਹਿਮ ਵਿੱਚ ਹੀ ਚੜ੍ਹਾਈ ਕਰ ਗਿਆ। ਸਤਿਗੁਰੂ ਜੀ ਉਸ ਦੇ ਭੋਗ ਤੇ ਗਏ ਅਤੇ ਭੋਗ ਤੋਂ ਬਾਅਦ ਉਪਦੇਸ਼ ਕਰਦਿਆਂ ਇਹ ਵੀ ਕਿਹਾ ਕਿ ਸਾਧ ਸੰਗਤ ਜੀ, ਕਿਸੇ ਨੂੰ ਕਦੇ ਵੀ ਮੰਦਾ

ਬਚਨ ਨਾ ਆਖੋ । ਮੈਥੋਂ ਇਹ ਗਲਤੀ ਹੋਈ, ਮੈਂ ਇਸ ਨੂੰ ਸਖਤ ਬਚਨ ਕਹਿ ਬੈਠਾ ਸਾਂ । ਮੇਰੇ ਤੇ ਵੀ ਅੱਗੋਂ ਕਿਰਪਾ ਹੋਵੇ। ਮੈਂ ਵੀ ਕਿਸੇ ਨੂੰ ਸਖਤ ਬਚਨ ਨਾ ਆਖਾਂ ।

ਫੇਰ ਇਕ ਵਾਰ ਸਤਿਗੁਰੂ ਜੀ ਲਾਹੌਰ ਨੂੰ ਜਾ ਰਹੇ ਸਨ ਕਾਰ ਵਿੱਚ । ਰਾਹ ਵਿੱਚ ਇਕ ਪਾਸੇ ਕਾਰ ਰੋਕ ਲਈ । ਉੱਥੇ ਮਜਦੂਰਾਂ ਦੀਆਂ ਝੁੱਗੀਆਂ ਸਨ, ਉਧਰ ਨੂੰ ਚਲੇ ਗਏ । ਝੁੱਗੀਆਂ ਦੇ ਇਕ ਪਾਸੇ ਪਰਾਲੀ ਦੇ ਢੇਰ ਸਨ, ਉੱਥੇ ਇਕ ਕੁੱਤੀ ਨੇ ਬੱਚੇ ਦਿਤੇ ਹੋਏ ਸਨ ।ਸਤਿਗੁਰੂ ਜੀ ਉਹਨਾਂ ਵੱਲ ਵੇਖਣ ਲਗ ਪਏ । ਉਹ ਬੱਚੇ ਉਥੇ ਖੇਡਦੇ ਪਏ ਸਨ । ਖੇਡਦਿਆਂ-ਖੇਡਦਿਆਂ ਇਕ ਕਤੂਰਾ ਆ ਕੇ ਸਤਿਗੁਰੂ ਜੀ ਦੇ ਚਰਨਾਂ ਨੂੰ ਸੁੰਘਣ ਲਗ ਗਿਆ, ਚੱਟਣ ਲਗ ਗਿਆ ।

ਸਤਿਗੁਰੂ ਜੀ ਆਪਣੇ ਸੇਵਕ ਭਾਈ ਵਜੀਰ ਸਿੰਘ ਜੀ ਨੂੰ ਹੁਕਮ ਕੀਤਾ ਕਿ ਜਾ ਕੇ ਇਸ ਦੇ ਮਾਲਕ ਨੂੰ ਪੁੱਛੋ ਕਿ ਇਹਦੇ ਕਿੰਨੇ ਪੈਸੇ ਦਈਏ । ਇਹ ਬੱਚਾ ਅਸੀਂ ਨਾਲ ਲੈ ਕੇ ਜਾਣਾ ਹੈ । ਉਹ ਕਹਿੰਦਾ ਹੈ- "ਜੀ, ਕੋਈ ਪੈਸਾ ਨਹੀਂ ਲੈਣਾ, ਭਾਵੇਂ ਸਾਰੇ ਹੀ ਲੈ ਲਉ"। ਸਤਿਗੁਰੂ ਜੀ ਬਚਨ ਕੀਤਾ- "ਨਹੀਂ, ਇੱਦਾਂ ਨਹੀਂ ।" ਸਿੱਖ ਨੂੰ ਹੁਕਮ ਕੀਤਾ ਕਿ ਇਹਨੂੰ ਦਸ ਰੁਪਏ ਦੇ ਦੇ ਅਤੇ ਬੱਚਾ ਕਾਰ ਵਿੱਚ ਰੱਖ ਲਉ ।

ਕਾਰ ਚਲ ਪਈ । ਉਹ ਕਤੂਰਾ ਕਾਰ ਵਿੱਚ ਵੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਲੇਟਿਆ ਰਿਹਾ । ਸਤਿਗੁਰੂ ਜੀ ਬਚਨ ਬਿਲਾਸ ਕਰਦੇ ਰਹੇ । ਲਾਹੌਰ ਨੇੜੇ ਆ ਗਿਆ । ਅਚਾਨਕ ਕਤੂਰੇ ਵੱਲ ਧਿਆਨ ਮਾਰਿਆ, ਉਹ ਮਰ ਚੁੱਕਾ ਸੀ । ਸਤਿਗੁਰੂ ਜੀ ਦੇ ਚਰਨਾਂ ਵਿਚ ਹੀ ਉਸਨੇ ਸਵਾਸ ਤਿਆਗ ਦਿਤੇ ਸਨ ।

ਸਤਿਗੁਰੂ ਜੀ ਨੇ ਕਾਰ ਰੁਕਵਾਈ । ਸੇਵਕ ਨੂੰ ਹੁਕਮ ਹੋਇਆ, ਉਸ ਲੱਕੜਾਂ ਇੱਕਠੀਆਂ ਕਰ ਕੇ ਉਥੇ ਬਾਹਰ ਉਸ ਕਤੂਰੇ ਨੂੰ ਚਿਣਿਆ । ਸਤਿਗੁਰੂ ਜੀ ਆਪਣੀ ਰੁਮਾਲੀ ਕੱਢ ਕੇ ਉਸ ਦੇ ਉੱਤੇ ਪਾਈ ਅਤੇ ਉਸ ਦਾ ਸਸਕਾਰ ਕੀਤਾ ਗਿਆ । ਸਿੱਖਾਂ ਦੇ ਪੁੱਛਣ ਤੇ ਸਤਿਗੁਰੂ ਜੀ ਨੇ ਸਾਰੀ ਗੱਲ ਦੱਸੀ ਕਿ ਇਹ ਉਹੀ ਸਿੱਖ ਸੀ, ਜਿਸ ਨੂੰ ਮੈਂ ਸਖਤ ਬਚਨ ਕੀਤਾ ਸੀ ਕਿ ਕੁੱਤਿਆਂ ਵਾਂਗ ਚਉਂ-ਚਉਂ ਕਰਦਾ ਪਿਆ ਹੈਂ । ਇਹ ਮਰ ਕੇ ਕੁੱਤਾ ਬਣਿਆ । ਇਸ ਜੂਨ ਵਿਚ ਪਿਆ ਅਤੇ ਹੁਣ ਇਸ ਦਾ ਛੁਟਕਾਰਾ ਹੋਇਆ ਹੈ । ਇਸ ਲਈ ਕਦੀ ਕਿਸੇ ਨੂੰ ਸਖਤ ਬਚਨ ਨਾ ਆਖੋ ।

## ਪਹਿਰੇ ਦੇ ਮਾਲਕ
## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



| | | |
|---|---|---|
| ਅਵਤਾਰ | : | ਕੱਤਕ ਸੁਦੀ ੧੧ ਸੰਮਤ ੧੯੭੭ ਬਿਕਰਮੀ ਸੋਮਵਾਰ, ੨੨ ਨਵੰਬਰ ੧੯੨0 ਈ. । |
| ਅਸਥਾਨ | : | ਸ੍ਰੀ ਭੈਣੀ ਸਾਹਿਬ, ਲੁਧਿਆਣਾ |
| ਪਿਤਾ | : | ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ |
| ਮਾਤਾ | : | ਮਾਤਾ ਭੁਪਿੰਦਰ ਕੌਰ ਜੀ |
| ਮਹਿਲ | : | ਮਾਤਾ ਰਜਿੰਦਰ ਕੌਰ ਜੀ, ਮਾਤਾ ਚੰਦ ਕੌਰ ਜੀ |
| ਸੰਤਾਨ | : | ਸਾਹਿਬ ਕੌਰ ਜੀ ( ਬੀਬਾ ਜੀ ) |

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
## ਸਾਖੀ-੧
## (ਬਚਪਨ)

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ੮ ਮੱਘਰ ੧੯੭੭ ਬਿਕਰਮੀ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਮਾਤਾ ਭੁਪਿੰਦਰ ਕੌਰ ਜੀ ਦੇ ਗ੍ਰਹਿ ਸ੍ਰੀ ਭੈਣੀ ਸਾਹਿਬ ਅਵਤਾਰ ਲੈ ਕੇ ਆਏ । ੮ ਮੱਘਰ ਸਵੇਰੇ ਚਾਰ ਵਜੇ ਇਹ ਖੁਸ਼-ਖਬਰੀ ਚਾਰੋਂ ਪਾਸੇ ਫੈਲ ਗਈ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਵਧਾਈਆਂ ਦੇਣ ਵਾਸਤੇ ਦੂਰੋਂ-ਦੂਰੋਂ ਸੰਗਤਾਂ ਆਉਂਦੀਆਂ । ਮਾਤਾ ਜੀਵਨ ਕੌਰ ਜੀ ਨੇ ਪੋਤਰੇ ਦੀ ਖੁਸ਼ੀ ਵਿਚ ਗਰੀਬਾਂ ਵਾਸਤੇ ਭੰਡਾਰੇ ਖੋਲ੍ਹ ਦਿਤੇ ਅਤੇ ਸੌ ਮਣ ਗੁੜ ਵੰਡਿਆ । ਕੜਾਹ ਪ੍ਰਸ਼ਾਦ ਦੇ ਖੁਲ੍ਹੇ ਗੱਫੇ ਵਰਤਾਏ ਗਏ । ਬਾਲ ਸਤਿਗੁਰੂ ਜੀ ਦੇ ਚਿਹਰੇ ਦਾ ਪ੍ਰਕਾਸ਼ ਵੇਖ ਕੇ ਸਭ ਜੈ-ਜੈ ਕਾਰ ਕਰਦੇ ।

੨੫ ਦਿਨਾਂ ਬਾਅਦ ਮਾਤਾ ਭੁਪਿੰਦਰ ਕੌਰ ਜੀ ਅਤੇ ਬਾਲ ਸਤਿਗੁਰੂ ਜੀ ਨੂੰ ਰਾਮ ਸਰੋਵਰ ਵਿਚੋਂ ਇਸ਼ਨਾਨ ਕਰਾਕੇ ਅੰਮ੍ਰਿਤ ਛਕਾਇਆ ਗਿਆ । ਸੰਤ ਆਲਾ ਸਿੰਘ ਜੀ ਨੇ ਭਜਨ ਦੱਸਿਆ । ਇਕ ਸਧਾਰਨ ਪਾਠ ਦਾ ਭੋਗ ਪਾਇਆ ਗਿਆ । ਨਾਨੀ, ਮਾਤਾ ਰਾਮ ਕੌਰ ਜੀ ਨੇ ਨਾਮ ਜਗਜੀਤ ਸਿੰਘ ਰੱਖਿਆ । ਬਚਪਨ ਵਿਚ 'ਬੇਅੰਤ ਜੀ' ਕਰਕੇ ਵੀ ਜਾਣੇ ਜਾਂਦੇ ਸਨ ।

ਅਜੇ ਬੇਅੰਤ ਜੀ ਚਾਰ ਸਾਲ ਦੇ ਸਨ ਕਿ ਮਾਤਾ ਭੁਪਿੰਦਰ ਕੌਰ ਜੀ ਜੀਵਨ ਯਾਤਰਾ ਪੂਰੀ ਕਰ ਗਏ । ਬੇਅੰਤ ਜੀ ਦਾ ਲਾਲਣ-ਪਾਲਣ ਸਿੱਖਾਂ ਸੇਵਕਾਂ ਦੀ ਦੇਖਭਾਲ ਵਿਚ ਹੋਣ ਲੱਗਾ । ਸਤਿਗੁਰੂ ਪ੍ਰਤਾਪ ਸਿੰਘ ਜੀ ਬੇਅੰਤ ਜੀ ਨੂੰ ਪੰਜ ਕੁ ਸਾਲ ਦੀ ਉਮਰ ਵਿਚ ਜ਼ਿਲ੍ਹਾ ਹੁਸ਼ਿਆਰਪੁਰ ਪਿੰਡ ਗੜ੍ਹਦੀਵਾਲ ਵਿਚ ਲੈ ਆਏ । ਇਥੇ ਪੜ੍ਹਾਈ ਦਾ ਇੰਤਜਾਮ ਕੀਤਾ ਗਿਆ ਅਤੇ ਭਾਈ ਹਰਨਾਮ ਸਿੰਘ ਜੀ ਸੰਗੀਤ ਦੀ ਸਿਖਿਆ ਦੇਂਦੇ । ਏਥੇ ਕਾਫੀ ਰੌਣਕ ਬਣ ਗਈ ।

ਬੇਅੰਤ ਜੀ ਕੋਈ ਬਚਨ ਕਰਦੇ, ਉਹ ਪੂਰਾ ਹੋ ਜਾਂਦਾ । ਇਥੇ ਨੇੜੇ ਇਕ ਪਿੰਡ ਮਿਰਜਾਪੁਰ ਸੀ ।ਇਥੇ ਨਾਈਆਂ ਦੀ ਗਰੀਬ ਘਰ ਦੀ ਲੜਕੀ ਸੀ ਤਿੰਨ ਕੁ ਸਾਲ ਦੀ । ਉਹਦੇ ਸਿਰ ਵਿਚ ਕੀੜੇ ਪਏ ਹੋਏ ਸਨ । ਉਹਦੇ ਘਰ ਦੇ ਉਸ ਨੂੰ ਲੈ ਕੇ ਗੜ੍ਹਦੀਵਾਲ ਬੇਅੰਤ ਜੀ ਕੋਲ ਆਏ ਅਤੇ ਅਰਜ ਕੀਤੀ ਕਿ ਇਸ ਲੜਕੀ ਤੇ ਕਿਰਪਾ ਕਰੋ, ਕੋਈ ਦਵਾਈ ਦੱਸੋ । ਬੇਅੰਤ ਜੀ ਬਚਨ ਕੀਤਾ ਕਿ ਨਿੰਮ ਦਾ ਤੇਲ ਲਾਉ, ਠੀਕ ਹੋ ਜਾਏਗੀ । ਇਹ ਬਚਨ ਬੇਅੰਤ ਜੀ ਦਾ ਕਰਾਮਾਤੀ ਸਿੱਧ ਹੋਇਆ । ਉਹ ਲੜਕੀ ਬਿਲਕੁਲ ਠੀਕ ਹੋ ਗਈ ।

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
## ਸਾਖੀ-੨
## (ਦੋਵੇਂ ਪੁੱਤਰ ਬਰੀ)

ਗੁਰਬਾਣੀ ਵਿਚ ਇਕ ਪਾਠ ਹੈ, 'ਗੁਰ ਦਾ ਬਚਨ ਸਦਾ ਅਬਿਨਾਸੀ ॥ ਗੁਰ ਕੈ ਬਚਨਿ ਕਟੀ ਜਮ ਫਾਸੀ ॥' ਗਉੜੀ ਗੁਆਰੇਰੀ ਮ:੫ ਪੰਨਾ ੧੭੭

ਗੁਰੂ ਦੀ ਰਸਨਾ ਵਿਚ ਅੰਮ੍ਰਿਤ ਹੁੰਦਾ ਹੈ । ਗੁਰੂ ਰਸਨਾ ਤੋ ਨਿਕਲੇ ਬਚਨ ਸੱਤ ਹੋ ਜਾਂਦੇ ਹਨ, ਅਟੱਲ ਹੋ ਜਾਂਦੇ ਹਨ । ਜਿਲ੍ਹਾ ਸ਼ੇਖੂਪੁਰਾ ਪਿੰਡ ਚੱਕ ਦਾ ਇਕ ਖੁਲ੍ਹਾ ਸਿੱਖ ਕਰਮ ਸਿੰਘ ਜਿਮੀਂਦਾਰ ਸੀ । ਜ਼ਮੀਨ ਦੇ ਝਗੜੇ ਵਿਚ ਇਸਦੇ ਪੁੱਤਰਾਂ ਕੋਲੋ ਕਤਲ ਹੋ ਗਿਆ । ਮੁਕੱਦਮਾ ਚੱਲਿਆ ਅਤੇ ਇਸਦੇ ਦੁਹਾਂ ਪੁੱਤਰਾਂ ਨੂੰ ਫਾਂਸੀ ਦੀ ਸਜ਼ਾ ਹੋ ਗਈ । ਫਿਕਰ ਪੈ ਗਿਆ । ਬਹੁਤ ਜਤਨ ਕੀਤਾ ਪਰ ਫਾਂਸੀ ਦੀ ਸਜਾ ਟੁੱਟ ਨਾ ਸਕੀ । ਇਹ ਹੁਣ ਸੋਚਦਾ ਹੈ ਕਿ ਕੀ ਕਰਾਂ । ਕਿਸੇ ਦੱਸਿਆ ਕਿ ਤੂੰ ਸ੍ਰੀ ਭੈਣੀ ਸਾਹਿਬ ਜਾ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕਰ ਕੇ ਵੇਖ । ਸਾਧ ਸੰਗਤ ਜੀ, ਔਖੇ ਵੇਲੇ ਸਤਿਗੁਰੂ ਹੀ ਸਿੱਖ ਦੀ ਸਹਾਇਤਾ ਕਰਦੇ ਹਨ।

ਇਹ ਕਰਮ ਸਿੰਘ ਸ੍ਰੀ ਭੈਣੀ ਸਾਹਿਬ ਆਇਆ । ਪੁੱਛਣ ਤੇ ਕਿਸੇ ਨੇ ਦੱਸਿਆ ਕਿ ਸਤਿਗੁਰੂ ਜੀ ਦੌਰੇ ਤੇ ਗਏ ਹਨ, ਇਕ ਮਹੀਨੇ ਤੱਕ ਆਉਣਗੇ । ਸੁਣਕੇ ਇਹਦਾ ਦਿਲ ਟੁੱਟ ਗਿਆ । ਉਦਾਸ ਹੋਇਆ ਕਿਉਂਕਿ ਇਕ ਮਹੀਨੇ ਤੱਕ ਤਾਂ ਪੁੱਤਰ ਫਾਂਸੀ ਲਟਕ ਜਾਣਗੇ । ਪਰੇਸ਼ਾਨ ਜਿਹਾ ਇਕ ਜਗ੍ਹਾ ਤੇ ਬੈਠ ਗਿਆ ਅਤੇ ਮੁੰਡਿਆਂ ਦੀ ਖੇਡ ਵੇਖਣ ਲਗ ਪਿਆ ।

ਬੱਚਿਆਂ ਦੀ ਖੇਡ ਵਿੱਚ ਗੇਂਦ ਰਿੜ੍ਹਦੀ ਹੋਈ ਕਰਮ ਸਿੰਘ ਦੇ ਕੋਲੋਂ ਦੀ ਅਗਾਂਹ ਲੰਘ ਗਈ ਤਾਂ ਗੇਂਦ ਲੈਣ ਜਾਂਦੇ ਬੇਅੰਤ ਜੀ ਨੇ ਕਰਮ ਸਿੰਘ ਨੂੰ ਵੇਖਕੇ,

ਖਲੋਕੇ ਆਖਿਆ, "ਸਿੱਖਾ, ਉਦਾਸ ਕਿਉਂ ਬੈਠਾ ਹੈ ? ਜਾਹ, ਗੇਂਦ ਫੜ ਕੇ ਲਿਆ । ਤੇਰੇ ਦੋਵੇਂ ਪੁੱਤਰ ਬਰੀ ਹੋ ਜਾਣਗੇ" । ਏਨਾਂ ਸੁਣਦਿਆਂ ਹੀ ਕਰਮ ਸਿੰਘ ਦੇ ਅੰਦਰ ਐਸਾ ਉਛਾਲ ਆਇਆ ਕਿ ਭੱਜ ਕੇ ਜਾ ਕੇ ਗੇਂਦ ਲਿਆ ਦਿਤੀ । ਇਸਨੇ ਬੱਚਿਆਂ ਕੋਲੋਂ ਪੁੱਛਿਆ ਕਿ ਇਹ ਬਾਲਕ ਕੌਣ ਹਨ ? ਬੱਚਿਆਂ ਦੱਸਿਆ ਕਿ ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬੇਅੰਤ ਜੀ ਹਨ ।

ਬੱਸ ਫੇਰ ਖੁਸ਼ੀਆਂ ਦੀ ਹੱਦ ਨਾ ਰਹੀ । ਵਾਪਸ ਘਰ ਆ ਕੇ ਆਪਣੀ ਪਤਨੀ ਨੂੰ ਦੱਸਿਆ ਕਿ ਹੁਣ ਸਾਡੇ ਪੁੱਤਰ ਬਰੀ ਹੋ ਜਾਣਗੇ । ਤੂੰ ਕੋਈ ਫਿਕਰ ਨਾ ਕਰੀਂ । ਫਿਰ ਜਾ ਕੇ ਅਪੀਲ ਕੀਤੀ । ਪੁੱਤਰਾਂ ਨਾਲ ਮੁਲਾਕਾਤ ਕਰ ਕੇ ਦੱਸਿਆ ਕਿ ਤੁਸਾਂ ਹੁਣ ਫਾਂਸੀ ਤੋਂ ਬਰੀ ਹੋ ਜਾਣਾ ਹੈ । ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਾਹਿਬਜ਼ਾਦੇ ਬੇਅੰਤ ਜੀ ਨੇ ਕਿਰਪਾ ਕੀਤੀ ਹੈ ।

ਅੱਗੋਂ ਉਹਦੇ ਪੁੱਤਰਾਂ ਨੇ ਉਸਨੂੰ ਦੱਸਿਆ ਕਿ ਬਾਪੂ ਜੀ, ਸਾਨੂੰ ਕੱਲ੍ਹ ਰਾਤ ਸੁਪਨੇ ਵਿਚ ਚਿੱਟੇ ਬਸਤਰਾਂ ਵਾਲੇ ਇਕ ਬੱਚੇ ਨੇ ਆਖਿਆ ਸੀ ਕਿ ਤੁਸੀਂ ਬਰੀ ਹੋ ਜਾਓਗੇ । ਸਾਨੂੰ ਨਿਸਚਾ ਹੋ ਗਿਆ ਹੈ । ਕਰਮ ਸਿੰਘ ਰਹਿਮ ਦੀ ਅਪੀਲ ਕੀਤੀ । ਦੋਵੇਂ ਪੁੱਤਰ ਬਰੀ ਹੋ ਕੇ ਘਰ ਆ ਗਏ । ਇਹ ਕਰਮ ਸਿੰਘ ਸਤਿਗੁਰੂ ਜੀ ਦਾ ਧੰਨਵਾਦ ਕਰਦਾ ਹੈ ।

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
## ਸਾਖੀ-੩
## (ਕਲਾਧਾਰੀ ਚਿੰਤਨਵਾਨ)

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬੇਅੰਤ ਸ਼ਕਤੀਆਂ ਦੇ ਮਾਲਕ ਦਰਗਾਹ ਤੋਂ ਹੀ ਬਣ ਕੇ ਆਏ ਹਨ । ਇਸੇ ਲਈ ਬਚਪਨ ਵਿਚ ਆਪ ਜੀ ਨੂੰ ਬੇਅੰਤ ਜੀ ਕਹਿ ਕੇ ਪੁਕਾਰਿਆ ਜਾਂਦਾ ਸੀ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਭਾਈ ਨਾਹਰ ਸਿੰਘ ਨਾਲ ਬਚਨ ਕਰਦਿਆਂ ਫੁਰਮਾਇਆ ਸੀ- ''ਵੱਡਾ ਕਾਕਾ ਇਨਸਾਨ ਹੀ ਨਹੀਂ ਸਗੋਂ ਕਲਾਧਾਰੀ ਚਿੰਤਨਵਾਨ ਹੈ । ਸਾਡੇ ਪਾਸ ਤਾਂ ਸਿਰਫ ਰੱਬ ਦਾ ਦਿਤਾ ਹੋਇਆ ਵਰ ਤੇ ਸਰਾਪ ਹੀ ਹੈ ਪਰ ਇਹ ਕਾਕਾ ਅਲੌਕਿਕ ਸ਼ਕਤੀਆਂ ਦਾ ਮਾਲਕ ਹੈ, ਇਹਦੇ ਸਮੇਂ ਸਿੱਖੀ ਬਹੁਤ ਵਧੇਗੀ''। ਚਿੰਤਨਵਾਨ ਦੇ ਅਰਥ ਕਰਦਿਆਂ ਅਟੱਲ ਪ੍ਰਤਾਪੀ ਜੀ ਬਚਨ ਕੀਤਾ, ''ਜੋ ਕੁਝ ਵੀ ਚਿਤਵੇਗਾ ਅਤੇ ਤੁਰੇ ਜਾਂਦੇ ਕਿਸੇ ਵੱਲ ਹੱਥ ਦਾ ਇਸ਼ਾਰਾ ਵੀ ਕਰ ਦੇਵੇਗਾ, ਉਹ ਪੂਰਾ ਹੋ ਜਾਇਆ ਕਰੇਗਾ''।

ਇਕ ਵਾਰ ਬਚਪਨ ਵਿਚ ਬੇਅੰਤ ਜੀ ਸਾਥੀਆਂ ਲਈ ਲੰਗਰ ਤਿਆਰ ਕਰ ਰਹੇ ਸੀ, ਕੁੰਦਨ ਸਿੰਘ ਨਕਈ ਦੀ ਡਿਊਟੀ ਲੱਗੀ ਸੀ ਕਿ ਰੁੱਖ 'ਤੇ ਕੋਈ ਕਾਂ ਵਗੈਰਾ ਆ ਕੇ ਨਾ ਬੈਠੈ ਕਿਉਂਕਿ ਆਪ ਜੀ ਲੰਗਰ ਰੁੱਖ ਥੱਲੇ ਹੀ ਤਿਆਰ ਕਰ ਰਹੇ ਸੀ । ਇਕ ਕਾਂ ਆ ਕੇ ਬੈਠ ਗਿਆ । ਕੁੰਦਨ ਸਿੰਘ ਨੇ ਢੀਮ ਮਾਰੀ, ਕਾਂ ਭੁੰਜੇ ਆ ਡਿੱਗਾ । ਬੇਅੰਤ ਜੀ ਕਹਿਣ ਲਗੇ- 'ਜੇ ਇਹ ਮਰ ਗਿਆ ਤਾਂ ਪਾਪ ਹੋ ਜਾਵੇਗਾ' । ਇਤਨਾ ਬਚਨ ਕਰਦਿਆਂ ਹੀ ਕਾਂ ਉੱਡ ਗਿਆ ।

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
# ਸਾਖੀ-੪
# (ਨਿਮਰਤਾ ਦੇ ਭੰਡਾਰ)

ਸ੍ਰੀ ਸਤਿਗੁਰੂ ਜਗਜੀਤ ਸਿੰਘ ਦਾ ਜੀਵਨ-ਚਰਿੱਤਰ ਬਚਪਨ ਤੋਂ ਹੀ ਨਿਮਰਤਾ, ਸਹਿਨਸ਼ੀਲਤਾ ਨਾਲ ਕੁੱਟ-ਕੁੱਟ ਕੇ ਭਰਿਆ ਦਿਸਦਾ ਹੈ । ਬਚਪਨ ਵਿਚ ਬੇਅੰਤ ਜੀ ਦੀ ਸਾਂਭ ਸੇਵਾ ਕਰਨ ਵਾਲੇ ਸੇਵਕਾਂ ਦੀ ਕਠੋਰਤਾ ਹੱਦੋਂ ਵੱਧ ਸੀ । ਛੋਟੀ ਮੋਟੀ ਗੱਲੋਂ ਕਮਰੇ ਵਿਚ ਬੰਦ ਕਰ ਦੇਣਾ, ਹੋਰ ਕਈ ਤਰ੍ਹਾਂ ਦੀਆਂ ਸਖ਼ਤ ਸਜ਼ਾਵਾਂ ਆਮ ਜਿਹੀ ਗੱਲ ਸੀ ਪਰ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਬਚਪਨ ਵਿੱਚ ਜਦੋਂ ਕਿ ਸਰੀਰ ਫੁੱਲਾਂ ਵਾਂਗ ਕੋਮਲ ਹੁੰਦਾ ਹੈ, ਉਸ ਕੋਮਲ ਸੋਹਲ ਬਚਪਨ ਵਿਚ ਹਰ ਸਜ਼ਾ ਨੂੰ ਬਰਦਾਸ਼ਤ ਕਰਨਾ । ਕਦੇ ਆਪਣੇ ਪਿਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸ਼ਿਕਾਇਤ ਨਾ ਕਰਨੀ ।

ਗੁਰਗੱਦੀ 'ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਸੰਤ ਨਗਰ ਦੋ ਧਿਰਾਂ ਦੇ ਝਗੜੇ ਨੂੰ ਨਜਿਠੱਣ ਵਾਸਤੇ ਆਪ ਜੀ ਗਏ । ਜੋ ਕਸੂਰਵਾਰ ਸਨ, ਉਹਨਾਂ ਆਪਣੀ ਚਲਾਕੀ ਨਾਲ ਬੇਕਸੂਰ ਧੜੇ ਤੇ ਇਲਜ਼ਾਮ ਸਿੱਧ ਕਰ ਕੇ ਸਮੇਤ ਬੇਅੰਤ ਪਾਤਸ਼ਾਹ ਜੀ, ਬੇਕਸੂਰਾਂ ਨੂੰ ਵੱਧ ਘੱਟ ਬੋਲਣਾ ਸ਼ੁਰੂ ਕਰ ਦਿਤਾ । ਸ੍ਰੀ ਸਤਿਗੁਰੂ ਜੀ ਸਭ ਜਾਣਦੇ ਹੋਏ ਵੀ ਗਲ ਵਿੱਚ ਪੱਲਾ ਪਾ ਸੱਚੇ ਪੱਖ ਵਲੋਂ ਮੁਆਫੀ ਮੰਗਣ ਲਈ ਖਲੋ ਗਏ ।

ਸਤਿਗੁਰੂ ਜੀ ਦੇ ਐਸੇ ਨਿਮਰਤਾ ਭਰੇ ਆਚਰਨ ਨੇ ਉਹਨਾਂ ਬੜਬੋਲੇ ਬੰਦਿਆਂ ਦੇ ਮੂੰਹ ਬੰਦ ਕਰ ਦਿਤੇ ।

ਜੇ ਇਕ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਿਹਾ ਕਿ ਕਾਕਾ ਕੁਝ ਮੰਗ ਲੈ ਜੋ ਕੁਝ ਤੈਨੂੰ ਚਾਹੀਦਾ ਏ ਤਾਂ ਬੇਅੰਤ ਪਾਤਸ਼ਾਹ ਜੀ ਨੇ ਕਛਹਿਰੇ ਨੂੰ ਹੱਥ ਲਾਇਆ, ਜਿਸ ਦਾ ਮਤਲਬ ਸੀ ਕਿ ਮੈਨੂੰ ਕੇਵਲ ਗੁਰਸਿੱਖੀ ਚਾਹੀਦੀ ਹੈ ।

ਇਕ ਵਾਰ ਇਕ ਮੇਲੇ ਦੌਰਾਨ ਸਤਿਗੁਰੂ ਜਗਜੀਤ ਸਿੰਘ ਜੀ ਸਾਧ ਸੰਗਤ ਨੂੰ ਸੰਬੋਧਨ ਕਰਦਿਆਂ ਬਚਨ ਕੀਤਾ, "ਸਾਧ ਸੰਗਤ, ਜਿਹੋ ਜਿਹੀ ਤੁਹਾਡੀ ਸੇਵਾ ਹੋਣੀ ਚਾਹੀਦੀ ਸੀ, ਮੈਂ ਨਹੀ ਕਰ ਸਕਿਆ, ਖ਼ਿਮਾ ਕਰਨਾ।" ਸਤਿਗੁਰੂ ਜੀ ਦੇ ਨਿਰਮਾਣਤਾ ਭਰੇ ਬਚਨ ਸੁਣ ਕੇ ਸਾਰੀ ਸੰਗਤ ਦੇ ਨੇਤਰ ਸਜਲ ਹੋ ਗਏ ।

ਇਹ ਨਿਰਮਾਣਤਾ ਹੀ ਹੈ ਸਤਿਗੁਰੂ ਜੀ ਦੀ । ਇਕ ਵਾਰ ਕਿਸੇ ਪੁੱਛਿਆ ਕਿ ਜਿਹੋ ਜਿਹੇ ਚਿੱਟੇ ਬਸਤਰ, ਮਾਲਾ ਤੁਸਾਂ ਪਾਈ ਹੋਈ ਹੈ, ਉੱਦਾਂ ਦੀ ਹੀ ਸੰਗਤ ਨੇ, ਤੇ ਫਿਰ ਤੁਹਾਡੇ ਵਿਚ ਤੇ ਇਹਨਾਂ ਵਿੱਚ ਫਰਕ ਕੀ ਹੈ । ਸਤਿਗੁਰੂ ਜੀ ਬੜੀ ਹਲੀਮੀ ਨਾਲ ਫੁਰਮਾਇਆ, "ਫਰਕ ਇਹ ਹੈ ਕਿ ਇਹਨਾਂ ਵਿੱਚ ਗੁਣ ਬਹੁਤੇ ਹਨ ਅਤੇ ਮੇਰੇ ਵਿੱਚ ਔਗੁਣ ਬਹੁਤੇ ਹਨ ।"

ਇਸ ਤਰ੍ਹਾਂ ਨਿਰਮਾਣਤਾ, ਸਹਿਨਸ਼ੀਲਤਾ, ਮਿੱਠੀ ਮੁਸਕਾਨ ਅਤੇ ਅੰਮ੍ਰਿਤਮਈ ਬੋਲਾ ਕਰਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ 'ਸਤਿਗੁਰੂ' ਪਦਵੀ ਪਾ ਕੇ ਸੰਸਾਰੀ ਜੀਵਾਂ ਦਾ ਉਧਾਰ ਕਰ ਰਹੇ ਹਨ ।

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
## ਸਾਖੀ-੫
## (ਟਰੱਕ ਡਰਾਈਵਰ ਤੇ ਕਿਰਪਾ)

ਇਕ ਵਾਰ ਸਤਿਗੁਰੂ ਜਗਜੀਤ ਸਿੰਘ ਜੀ ਕਾਰ ਤੇ ਕਿਤੇ ਸਾਧ ਸੰਗਤ ਨੂੰ ਦਰਸ਼ਨ ਦੇਣ ਜਾ ਰਹੇ ਸਨ । ਸੜਕ ਤੇ ਜਾਂਦਿਆਂ ਆਪ ਜੀ ਨੇ ਸੰਕੇਤ ਕੀਤਾ ਕਿ ਇਸ ਤੇਜ਼ ਜਾਂਦੇ ਟਰੱਕ ਨੂੰ ਰੋਕ ਲਿਆ ਜਾਵੇ । ਟਰੱਕ ਰੋਕਿਆ ਗਿਆ ਅਤੇ ਇਸ਼ਾਰਾ ਸਮਝ ਕੇ ਪਹਿਰੇ ਵਾਲੇ ਡਰਾਈਵਰ ਨੂੰ ਉਤਾਰਨ ਲਗੇ । ਪਹਿਰੇ ਵਾਲਿਆਂ ਦੇ ਹੱਥਾਂ ਵਿਚ ਬੰਦੂਕਾਂ ਸਨ, ਸੋ ਡਰਾਈਵਰ ਨੇ ਉਤਰਨ ਤੋਂ ਇਨਕਾਰ ਕਰ ਦਿਤਾ । ਉਹਨਾਂ ਆ ਕੇ ਆਪ ਜੀ ਨੂੰ ਅਰਜ਼ ਕੀਤੀ, ਜੀ ਉਹ ਉਤਰਦਾ ਨਹੀਂ । ਆਪ ਜੀ ਨੇ ਆਪਣੇ ਨਾਲ ਬੈਠੇ ਸੇਵਕ ਸੰਤ ਮਹਿੰਦਰ ਸਿੰਘ ਪੂਰਬਾ ਨੂੰ ਡਰਾਈਵਰ ਵੱਲ ਭੇਜਿਆ ਉਹਨਾਂ ਬੜੇ ਸਹਿਜੇ ਸਰਲ ਭਾਵ ਨਾਲ ਗੱਲ ਕੀਤੀ ਅਤੇ ਡਰਾਈਵਰ ਨੂੰ ਲੈ ਆਏ ।

ਸਤਿਗੁਰੂ ਜੀ ਬਚਨ ਕੀਤਾ- "ਤੂੰ ਬਹੁਤ ਚੰਗਾ ਕੀਤਾ ਹੈ ਜੋ ਆਪਣੀ ਗੱਡੀ ਤੇ ਪਿੱਛੇ ਲਿਖਵਾਇਆ ਹੈ 'ਬੁਰੀ ਨਜ਼ਰ ਵਾਲੇ ਤੇਰਾ ਭਲਾ ਹੋਵੇ' । ਨਹੀਂ ਤਾਂ ਹੋਰ ਬੜਾ ਵੱਧ ਘੱਟ ਲਿਖਦੇ ਹਨ । ਨਾਲ ਹੀ ਪੂਰਬਾ ਜੀ ਨੂੰ ਹੁਕਮ ਕੀਤਾ, "ਇਸਨੂੰ ਦਸ ਹਜ਼ਾਰ ਰੁਪਏ ਦੇ ਦਿਓ" । ਹੁਕਮ ਮੰਨਿਆ ਗਿਆ । ਉਹ ਡਰਾਈਵਰ ਨਮਸਕਾਰ ਕਰਦਾ ਖੁਸ਼ੀਆਂ ਝੋਲੀ ਪੁਆ ਅੱਗੇ ਤੁਰ ਗਿਆ ।

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
# ਸਾਖੀ-੬
# (ਘੱਟ-ਘੱਟ ਕੇ ਅੰਤਰਿ ਕੀ ਜਾਨੈ)

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਨਾਂ ਦੀਆਂ ਬੁੱਝਣ ਵਾਲੇ ਹਨ । ਗੱਲ ੧੯੭੬-੭੭ ਦੀ ਹੈ । ਸਤਿਗੁਰੂ ਜੀ ਮੰਡੀ ਦਰਸ਼ਨ ਦੇ ਰਹੇ ਸਨ । ਲੰਗਰ ਸੰਤ ਸੇਵਾ ਸਿੰਘ ਜਥੇਦਾਰ ਵੱਲ ਸੀ । ਸਭ ਤਿਆਰੀਆਂ ਹੋ ਚੁੱਕੀਆਂ ਸਨ । ਸ੍ਰੀ ਸਤਿਗੁਰੂ ਜੀ ਨੇ ਸ. ਕੁਲਬੀਰ ਸਿੰਘ (ਜੀਪ ਵਾਲੇ) ਨੂੰ ਬੁਲਾਇਆ ਕਿ ਜੀਪ ਕਿਥੇ ਹੈ, ਲਿਆ । ਉਹ ਜੀਪ ਲੈ ਆਇਆ ਤਾਂ ਸਤਿਗੁਰੂ ਜੀ ਵਿਚ ਬੈਠ ਗਏ । ਏਨੇ ਨੂੰ ਜ. ਸੇਵਾ ਸਿੰਘ ਹੁਰੀਂ ਆਣ ਪਹੁੰਚੇ, "ਦੀਨ ਦਇਆਲ ਲੰਗਰ ਤਿਆਰ ਹੈ । ਆਪ ਜੀ ਘਰ ਹੀ ਚੱਲੇ ਹੋ ਜਾਂ ਕਿਤੇ ਹੋਰ ।" ਸਤਿਗੁਰੂ ਜੀ ਬਚਨ ਕੀਤਾ, "ਰਵਾਲਸਰ ਚੱਲਿਆ ਹਾਂ ਤੇਰੀ ਕੁੜਮਣੀ ਮਸਤਾਨੀ ਸੇਵਾ ਕੌਰ ਕੋਲ ।"

"ਸੱਚੇ ਪਾਤਸ਼ਾਹ, ਲੰਗਰ ਤਾਂ ਮੇਰੇ ਵੱਲ ਹੈ ।"

"ਉਸਨੇ ਵੀ ਲੰਗਰ ਬਾਰੇ ਆਖਿਆ ਹੋਇਆ ਹੈ। ਤੂੰ ਹੀ ਦੱਸ, ਤੁਹਾਡੇ ਦੋਹਾਂ ਵਿਚੋਂ ਕਿਦ੍ਹੇ ਵੱਲ ਜਾਵਾਂ"। ਥੋੜ੍ਹਾ ਵਿਚਾਰ ਕਰਨ ਤੋਂ ਬਾਅਦ ਫੈਸਲਾ ਇਹ ਹੋਇਆ ਕਿ ਲੰਗਰ ਰਵਾਲਸਰ ਜਾ ਕੇ ਛਕਿਆ ਜਾਵੇ ।

ਜੀਪ ਤੇ ਸਵਾਰ ਹੋ ਸਤਿਗੁਰੂ ਜੀ ਉਸ ਸਥਾਨ ਪਰ ਪਹੁੰਚੇ ਜਿਥੇ ਮਾਈ ਲੰਗਰ ਤਿਆਰ ਕਰੀ ਬੈਠੀ ਸੀ । ਸਤਿਗੁਰੂ ਜੀ ਤੇਜੀ ਨਾਲ ਗੱਡੀਉਂ ਉੱਤਰੇ । ਸੇਵਕਾਂ ਕੱਪੜੇ ਸੰਭਾਲੇ । ਆਪ ਥਲਿਉ ਬਾਉਲੀ ਵਿਚੋਂ ਇਸ਼ਨਾਨ ਕਰ ਕੇ ਆ ਗਏ । ਮਾਈ ਮਸਤਾਨੀ ਪਾਸ ਆ ਕੇ ਆਖਿਆ- "ਲਿਆ ਬੀਬੀ ਛੇਤੀ-ਛੇਤੀ, ਜੋ ਤੂੰ ਤਿਆਰ ਕੀਤਾ ਹੋਇਆ ਹੈ ।" ਪ੍ਰਸ਼ਾਦ ਛਕਦਿਆਂ ਆਪ ਮੰਗ-ਮੰਗ ਕੇ ਲੋੜੀਂਦੇ ਪਦਾਰਥ ਲੈਣ ਲੱਗੇ । ਖੀਰ ਵੀ ਲਿਆ, ਬਰਫੀ ਵੀ ਲਿਆ, ਅਹੁ ਵੀ ਲਿਆ, ਆਹ ਵੀ ਲਿਆ, .......... । ਮਾਈ ਸੇਵਾ ਕੌਰ ਰਸ ਵਿਭੋਰ ਹੋਈ ਹਰ ਮੰਗੀ

ਚੀਜ ਖੁਆਈ ਗਈ ਅਤੇ ਧੰਨ-ਧੰਨ ਕਰਦੀ ਗਈ । ਪ੍ਰਸ਼ਾਦ ਛੱਕ ਕੇ ਸਤਿਗੁਰੂ ਜੀ ਜਲਦੀ ਹੀ ਉੱਠ ਕੇ ਅਰਾਮ ਕਮਰੇ ਵਿੱਚ ਪਹੁੰਚ ਗਏ ।

ਅਜੇ ਥੋੜ੍ਹਾ ਹੀ ਚਿਰ ਬਿਸਤਰੇ ਉੱਤੇ ਲੇਟੇ ਹੋਣਗੇ ਸੇਵਕਾਂ ਜਾਂ ਹੋਰ ਸੱਜਣਾਂ ਨੂੰ ਪਤਾ ਲੱਗਣ ਬਿਨਾਂ ਹੇਠਾਂ ਉੱਤਰੇ ਅਤੇ ਫੇਰ ਇਸ਼ਨਾਨ ਕਰਕੇ ਮਾਈ ਪਾਸ ਪਹੁੰਚੇ- "ਲਿਆ ਮਾਈ, ਅੱਜ ਤਾਂ ਬਹੁਤ ਭੁੱਖ ਲਗੀ ਹੈ, ਲਿਆ ਧਰ ਜੋ ਕੁਝ ਬਣਾਇਆ ਈ ।" ਅਤੇ ਇੰਜ ਹੀ ਫੇਰ ਤੀਸਰੀ ਵਾਰੀ ਇਸ਼ਨਾਨ ਕੀਤਾ, "ਅੱਜ ਭੁੱਖ ਬਹੁਤ ਲਗੀ ਹੋਈ ਹੈ ।" ਆਪ ਪ੍ਰਸ਼ਾਦ ਛਕਿਆ ।

ਮਾਈ ਮਸਤਾਨੀ ਦੀ ਸੁੱਧ ਬੁੱਧ ਗੁਆਚ ਰਹੀ ਸੀ । ਸੋਚੇ ਕਿ ਇਹਨਾਂ ਨੂੰ ਕਿਨ੍ਹੇ ਦੱਸ ਦਿਤਾ ਹੈ ਮੇਰੇ ਮਨ ਦਾ ਹਾਲ। ਹੋਇਆ ਇੰਜ ਕਿ ਮਾਈ ਨੇ ਆਪਣੇ ਬੱਚਿਆਂ ਨੂੰ ਰਾਤ ਲੰਗਰ ਨਹੀਂ ਛਕਾਇਆ । ਕਹਿੰਦੀ ਸੀ- ਪੁੱਤਰ ਪਹਿਲਾਂ ਸਤਿਗੁਰੂ ਜੀ ਆਉਣਗੇ, ਉਹ ਛਕਣਗੇ ਤਾਂ ਤੁਹਾਨੂੰ ਵੀ ਪ੍ਰਸ਼ਾਦ ਮਿਲੇਗਾ । ਜੇ ਨਾ ਆਏ ਤਾਂ ਸਾਰੇ ਹੀ ਭੁੱਖੇ ਰਹਾਂਗੇ ।

ਮਾਈ ਨੂੰ ਤਾਂ ਪ੍ਰੇਮ ਹੋਵੇਗਾ ਹੀ ਪਰ ਬੱਚਿਆਂ ਨੂੰ ਵੀ ਆਪਣੇ ਵਰਤ ਵਿੱਚ ਲਗਾ ਲੈਣਾ ਤਕੜੇ ਹੀਏ ਦਾ ਅਤੇ ਕਾਫੀ ਜਿਆਦਤੀ ਦਾ ਕੰਮ ਸੀ । ਪਰ ਮਾਈ ਤਾਂ ਮਸਤਾਨੀ ਸੀ । ਸਤਿਗੁਰੂ ਜੀ ਨੇ ਤਿੰਨ ਵਾਰ ਲੰਗਰ ਛਕ ਕੇ ਮਾਈ ਨੂੰ ਆਖਿਆ, "ਅਜਿਹੀਆਂ ਪ੍ਰਤਿਗਿਆਵਾਂ ਨਾ ਕਰਿਆ ਕਰੋ ਜਿਸ ਨਾਲ ਅਸੀ ਸਾਰੇ ਹੀ ਬਿਪਤਾ ਨੂੰ ਫੜੇ ਜਾਈਏ ਤੇਰੇ ਬੱਚੇ ਵੀ ਭੁੱਖੇ, ਤੂੰ ਵੀ ਭੁੱਖੀ, ਤੇਰੇ ਕੁੜਮ ਵੱਲ ਤਿਆਰ ਕੀਤਾ ਪਿਆ ਲੰਗਰ ਬਿਰਥਾ, ਮੈਨੂੰ ਵੱਖ ਭਜਾਇਆ ਈ ।"

ਸ. ਕੁਲਬੀਰ ਸਿੰਘ ਨੇ ਗੱਲ ਮੁਕਾਈ- "ਸਤਿਗੁਰੂ ਜੀ ਨਾਲ ਜਿਹੜਾ ਸੱਚੇ ਮਨ ਨਾਲ ਜੁੜ ਕੇ ਬੇਨਤੀ ਕਰੇ, ਉਹਦੀ ਤਾਂ ਮੰਨੀ ਹੀ ਜਾਂਦੀ ਹੈ"।

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਮਨਸਾ ਪੂਰਨਹਾਰ ਗੁਰੂ ਜਗਜੀਤ ਸਿੰਘ ਜੀ ।
ਹਰ ਦਿਲ ਦੇ ਦਿਲਦਾਰ ਗੁਰੂ ਜਗਜੀਤ ਸਿੰਘ ਜੀ ।
ਸਭ ਜਗ ਪਾਲਣਹਾਰ ਗੁਰੂ ਜਗਜੀਤ ਸਿੰਘ ਜੀ ।
ਸਭ ਨੂੰ ਬਖਸ਼ਣਹਾਰ ਗੁਰੂ ਜਗਜੀਤ ਸਿੰਘ ਜੀ ।
ਹਰ ਦਿਲ ਅਜੀਜ ਗੁਰੂ ਜਗਜੀਤ ਸਿੰਘ ਜੀ ।
ਸਭਨਾਂ ਦੇ ਮਨਮੀਤ ਗੁਰੂ ਜਗਜੀਤ ਸਿੰਘ ਜੀ ।
ਹਾਜ਼ਰਾ ਹਜੂਰ ਗੁਰੂ ਜਗਜੀਤ ਸਿੰਘ ਜੀ ।
ਜ਼ਾਹਰਾ ਜ਼ਹੂਰ ਗੁਰੂ ਜਗਜੀਤ ਸਿੰਘ ਜੀ ।
ਦੀਨਾਂ ਦੇ ਰਖਵਾਲ ਗੁਰੂ ਜਗਜੀਤ ਸਿੰਘ ਜੀ ।
ਗਊਆਂ ਦੇ ਪ੍ਰਤਿਪਾਲ ਗੁਰੂ ਜਗਜੀਤ ਸਿੰਘ ਜੀ ।
ਨਿਓਟਿਆਂ ਦੀ ਓਟ ਗੁਰੂ ਜਗਜੀਤ ਸਿੰਘ ਜੀ ।
ਨਿਥਾਵਿਆਂ ਦੀ ਥਾਂ ਗੁਰੂ ਜਗਜੀਤ ਸਿੰਘ ਜੀ ।
ਸ਼ਾਹਾਂ ਦੇ ਸ਼ਾਹ ਗੁਰੂ ਜਗਜੀਤ ਸਿੰਘ ਜੀ ।
ਪਾਤਸ਼ਾਹਾਂ ਦੇ ਪਾਤਸ਼ਾਹ ਗੁਰੂ ਜਗਜੀਤ ਸਿੰਘ ਜੀ ।

ਦੀਨਾਂ ਦੇ ਹਨ ਨਾਥ ਗੁਰੂ ਜਗਜੀਤ ਸਿੰਘ ਜੀ ।
ਹਰ ਪਲ ਹਰ ਦਮ ਸਾਥ ਗੁਰੂ ਜਗਜੀਤ ਸਿੰਘ ਜੀ ।
ਦਾਤਾ ਹਨ ਦਾਤਾਰ ਗੁਰੂ ਜਗਜੀਤ ਸਿੰਘ ਜੀ ।
ਸਭ ਕਉ ਦੇਵਨਹਾਰ ਗੁਰੂ ਜਗਜੀਤ ਸਿੰਘ ਜੀ ।
ਤੇਰਾ ਵਧਦਾ ਰਹੇ ਪ੍ਰਤਾਪ ਗੁਰੂ ਜਗਜੀਤ ਸਿੰਘ ਜੀ ।
ਸਭਨਾਂ ਦੇ ਦੂਰ ਕਰਨ ਸੰਤਾਪ ਗੁਰੂ ਜਗਜੀਤ ਸਿੰਘ ਜੀ ।
ਬੁਰਾਈ ਦਾ ਕਰਦੇ ਦਮਨ ਗੁਰੂ ਜਗਜੀਤ ਸਿੰਘ ਜੀ ।
ਕੁਲ ਸ੍ਰਿਸ਼ਟੀ 'ਤੇ ਕਰਨ ਅਮਨ ਗੁਰੂ ਜਗਜੀਤ ਸਿੰਘ ਜੀ ।
ਮੇਰੀ ਹਰ ਪਲ ਇਕੋ ਆਸ ਗੁਰੂ ਜਗਜੀਤ ਸਿੰਘ ਜੀ ।
ਮੈਨੂੰ ਰੱਖੋ ਚਰਨਾਂ ਪਾਸ ਗੁਰੂ ਜਗਜੀਤ ਸਿੰਘ ਜੀ ।
ਤੇਰੀ ਸਭ ਤੋਂ ਉੱਚੀ ਸ਼ਾਨ ਗੁਰੂ ਜਗਜੀਤ ਸਿੰਘ ਜੀ ।
'ਨਰਿੰਦਰ' ਦੇ ਭਗਵਾਨ ਗੁਰੂ ਜਗਜੀਤ ਸਿੰਘ ਜੀ ।